# ਕੈਨੇਡਾ ਦਰਪਣ

ਅਗਸਤ 29, 1986

**August 29, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending August 29, 1986 Vol. 5 No. 33 — Price 35¢ Out of Greater Vancouver 50¢ — Ph. (604)581-4473

ਅੰਦਰ ਪੜ੍ਹੋ :—


- ਬਰਤਾਨੀਆ ਵਿਚ ਨਸਲੀ ਹਮਲੇ —ਅਵਤਾਰ ਸਾਦਿਕ—
- ਸੁਤੰਤਰਤਾ ਦਾ ਹੋਣੀਆਂ ਭਰਿਆ ਦਿਹਾੜਾ —ਪ੍ਰਿ: ਦਲੀਪ ਸਿੰਘ ਉੱਪਲ—
- ਕਹਾਣੀ — ਸਾਂਝ — ਮੋਹਨ ਭੰਡਾਰੀ
- ਫਿਲਮ ਦਰਪਣ — "ਏਕ ਚਾਦਰ ਮੈਲੀ ਸੀ'
- ਪੰਜਾਬ ਅਤੇ ਧਾਰਾ 249 —ਗਿਆਨੀ ਹਰੀ ਸਿੰਘ—
- ਦਿੱਲੀਨਾਮਾ — ਗਿਆਨ ਸਿੰਘ ਸੰਧੂ
- ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ —ਗੁਲਜ਼ਾਰ ਸਿੰਘ ਸੰਧੂ—


# ਪਾਕਿਸਤਾਨ ਵਿਚ ਖਾਨਾਜੰਗੀ ਸ਼ੁਰੂ

## ਫੌਜੀ ਸਰਕਾਰ ਨੇ 40 ਮਾਰੇ - ਸੈਂਕੜੇ ਜ਼ਖਮੀ - 10,000 ਗ੍ਰਿਫਤਾਰ

ਇਸਲਾਮਾਬਾਦ — ਬੇਨਜ਼ੀਰ ਭੁੱਟੋ ਦੀ ਗ੍ਰਿਫਤਾਰੀ ਤੋਂ ਪਿਛੋਂ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਖਾਨਾਜੰਗੀ ਵਾਲੇ ਹਾਲਾਤ ਪੈਦਾ ਹੋ ਗਏ ਹਨ। ਪਿਛਲੇ ਤਿੰਨ ਦਿਨਾਂ ਅੰਦਰ 40 ਵਿਅਕਤੀ ਫੌਜ ਨੇ ਗੋਲੀਆਂ ਨਾਲ ਉਡਾ ਦਿਤੇ ਹਨ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਜ਼ਖਮੀ ਹਸਪਤਾਲਾਂ ਵਿਚ ਹਨ ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਕਰਾਚੀ ਤਾਂ ਭੜਕੇ ਹੋਏ ਲੋਕਾਂ ਅਤੇ ਪੁਲੀਸ ਤੇ ਫੌਜ ਵਿਚਕਾਰ ਖਾਨਾਜੰਗੀ ਦਾ ਅਖਾੜਾ ਬਣ ਗਿਆ ਹੈ।

### ਆਜ਼ਾਦੀ ਦੀ ਲੜਾਈ ਸਿਖਰ ਉਤੇ

ਪ੍ਰੈਸ ਦੀਆਂ ਖਬਰਾਂ ਅਨੁਸਾਰ ਵਿਰੋਧੀ ਪਾਰਟੀਆਂ ਫੌਜੀ ਰਾਜ ਤੋਂ ਛੁਟਕਾਰੇ ਦੀ ਮੰਗ ਕਰ ਰਹੀਆਂ ਹਨ ਅਤੇ ਆਮ ਪਾਕਿਸਤਾਨੀ ਲੋਕਾਂ ਵਲੋਂ ਵਿਰੋਧੀ ਪਾਰਟੀਆਂ ਨੂੰ ਭਰਵਾਂ ਹੁੰਗਾਰਾ ਮਿਲਣ ਕਾਰਨ ਹੀ ਲੋਕ ਸੜਕਾਂ ਉਤੇ ਨਿਕਲ ਆਏ ਹਨ। ਪੁਲੀਸ ਤੇ ਫੌਜ ਦਾ ਮੁਕਾਬਲਾ ਇੱਟਾਂ, ਰੋੜੇ, ਸੋਡੇ ਦੀਆਂ ਬੋਤਲਾਂ ਨਾਲ ਕੀਤਾ ਜਾ ਰਿਹਾ ਹੈ। ਵੀਰਵਾਰ ਤੋਂ ਸ਼ੁਰੂ ਹੋਏ ਇਨ੍ਹਾਂ ਮੁਜ਼ਾਹਰਿਆਂ ਨੇ ਪਾਕਿਸਤਾਨੀ ਫੌਜੀ ਜੁੰਡਲੀ ਦਾ ਸਿੰਘਾਸਨ ਡਾਵਾਂਡੋਲ ਕਰ ਦਿਤਾ ਹੈ।

### ਸੜਕਾਂ 'ਤੇ ਸ਼ਰੇਆਮ ਲੜਾਈ

ਸਿੰਧ ਸੂਬੇ ਦੇ ਸਾਰੇ ਵੱਡੇ ਸਹਿਰਾਂ ਵਿਚ ਲੋਕ ਭਾਰੀ ਗਿਣਤੀ ਵਿਚ ਮੁਜ਼ਾਹਰੇ ਕਰ ਰਹੇ ਹਨ। ਮੰਗਲਵਾਰ ਨੂੰ ਸਿੰਧ ਸੂਬੇ ਦੇ ਟਾਂਡੋਖਾਨ ਇਲਾਕੇ ਵਿਚ ਦੋ ਪੁਲਸ ਅਫਸਰ ਲੋਕਾਂ ਨੇ ਮਾਰ ਦਿਤੇ ਅਤੇ ਇਕ ਫੌਜੀ ਜੁੰਡਲੀ ਦਾ ਸਮਰਥਕ ਛੁਰਾ ਮਾਰਕੇ ਕਤਲ ਕਰ ਦਿਤਾ ਗਿਆ। ਇਸ ਲੜਾਈ ਵਿਚ ਦੋ ਮੁਜ਼ਾਹਰਾਕਾਰ ਵੀ ਮਾਰੇ ਗਏ।

### ਗੋਲੀ ਦਾ ਜਵਾਬ ਗੋਲੀ ਵਿਚ

ਖਬਰਾਂ ਮੁਤਾਬਿਕ ਸਿੰਧ ਸੂਬੇ ਵਿਚ ਲੋਕਾਂ ਵਲੋਂ ਪੁਲਸ ਦੀਆਂ ਗੋਲੀਆਂ ਦਾ ਜਵਾਬ ਗੋਲੀਆਂ ਨਾਲ ਦਿਤਾ ਜਾ ਰਿਹਾ ਹੈ। ਇਸੇ ਕਾਰਨ ਦੋ ਪੁਲਸ ਅਫਸਰ ਲੋਕਾਂ ਵਲੋਂ ਚਲਾਈਆਂ ਗਈਆਂ ਗੋਲੀਆਂ ਕਾਰਨ ਮਰੇ। ਹੰਝੂ ਗੈਸ ਦਾ ਹਥਿਆਰ ਬਹੁਤਾ ਕਾਰਗਰ ਸਿੱਧ ਨਹੀਂ ਹੋ ਰਿਹਾ ਕਿਉਂਕਿ ਲੋਕ ਗਲੀਆਂ ਵਿਚ ਜਾ ਵੜਦੇ ਹਨ।

### ਸਰਕਾਰ ਲੋਕਾਂ ਦਾ ਵਿਸ਼ਵਾਸ਼ ਗੁਆ ਬੈਠੀ

ਆਜ਼ਾਦੀ ਦੀ ਬਹਾਲੀ ਦੀ ਲਹਿਰ ਦੇ ਇਕ ਬੁਲਾਰੇ ਸਾਲਮਨ ਤਸੀਰ ਨੇ ਕਿਹਾ ਕਿ ਜ਼ਿਆ-ਉਲ-ਹੱਕ ਦੀ ਫੌਜੀ ਜੁੰਡਲੀ ਲੋਕਾਂ ਦਾ ਵਿਸ਼ਵਾਸ਼ ਗੁਆ ਬੈਠੀ ਹੈ ਅਤੇ ਤਾਕਤ ਦੀ ਵਰਤੋਂ ਕਾਰਨ ਲੋਕ ਫੌਜੀ ਸਰਕਾਰ ਵਿਰੁਧ ਉਠ ਖੜੇ ਹੋਏ ਹਨ। ਸ੍ਰੀ ਤਸੀਰ ਨੇ ਕਿਹਾ ਕਿ 'ਸਰਕਾਰ ਰਾਜਸੀ ਲੜਾਈ ਹਾਰ ਗਈ ਹੈ ਇਸੇ ਕਾਰਨ ਤਾਕਤ ਅਤੇ ਹਿੰਸਾ ਦਾ ਆਸਾਰਾ ਲੈ ਰਹੀ ਹੈ।'

### ਬੇਨਜ਼ੀਰ ਜੇਲ੍ਹ ਵਿਚ

ਕਰਾਚੀ ਲਾਗੇ ਬੇਨਜ਼ੀਰ ਭੁੱਟੋ ਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ ਹੈ ਤੇ ਉਸ ਨਾਲ ਕਿਸੇ ਨੂੰ ਮੁਲਾਕਾਤਕਰਨ ਦੀ ਇਜਾਜ਼ਤ ਨਹੀਂ ਦਿਤੀ ਜਾ ਰਹੀ।

ਬਾਕੀ ਪੰਨਾ 2 ਉਤੇ

## ਸੰਤਾਂ ਦੀ ਯਾਦ 'ਚ ਸੋਵੀਨਾਰ ਜਾਰੀ

ਸ਼ੇਰਪੁਰ — ਸ. ਹਰਨੇਕ ਸਿੰਘ ਮੋਖਾ ਜਨਰਲ ਸਕੱਤਰ ਯੂਥ ਵਿੰਗ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਲੋਕਾਂ ਵਿਚ 20 ਅਗਸਤ ਨੂੰ ਕੱਢੇ ਗਏ ਸੰਤਾਂ ਦੀ ਯਾਦ ਵਿਚ ਸੋਵੀਨਾਰ ਪ੍ਰਤੀ ਬਹੁਤ ਉਤਸ਼ਾਹ ਹੈ। ਸੋਵੀਨਾਰ ਹਿੰਦੂ-ਸਿਖ ਏਕਤਾ ਮਜ਼ਬੂਤ ਕਰਨ ਵਿਚ ਸਹਾਈ ਹੋਵੇਗਾ। ਸੋਵੀਨਾਰ 20 ਅਗਸਤ ਨੂੰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਰਿਲੀਜ਼ ਕੀਤਾ। ਸੋਵੀਨਾਰ ਵਿਚ ਸੰਤਾਂ ਦੀ ਜੀਵਨੀ ਤੇ ਹੋਰ ਵੇਰਵੇ ਛਾਪੇ ਗਏ ਹਨ।

## ਮਨੁੱਖੀ ਏਕੇ ਦੇ ਮਹਾਨ ਸ਼ਹੀਦ ਸੰਤ "ਲੌਂਗੋਵਾਲ"



# ਬਾਗ਼ੀ ਅਕਾਲੀ ਦਲ ਦੇ ਸੈਂਕੜੇ ਵਰਕਰ ਗ੍ਰਿਫਤਾਰ

## ਚੰਡੀਗੜ੍ਹ ਵਿਚ ਮੁਜ਼ਾਹਰਾ ਨਾ ਹੋਣ ਦਿਤਾ ਗਿਆ

ਚੰਡੀਗੜ੍ਹ — ਪੰਜਾਬ ਪੁਲਸ ਨੇ ਬਾਦਲ ਅਕਾਲੀ ਦਲ ਦੇ ਸੈਂਕੜੇ ਵਰਕਰ 14 ਅਗਸਤ ਦੀ ਸ਼ਾਮ ਨੂੰ ਹੀ ਗ੍ਰਿਫਤਾਰ ਕਰ ਲਏ ਜਿਸ ਕਾਰਨ ਮੁਜ਼ਾਹਰਾ ਨਾ ਹੋਣ ਦਿਤਾ ਗਿਆ। ਜ਼ਿਲਾ ਅਤੇ ਤਹਿਸੀਲ ਪੱਧਰ ਉਤੇ ਵੀ ਛਾਪੇ ਮਾਰ ਕੇ ਗ੍ਰਿਫਤਾਰੀਆਂ ਕੀਤੀਆਂ ਗਈਆਂ।

ਬਾਦਲ ਅਕਾਲੀ ਦਲ ਨੇ 15 ਅਗਸਤ ਨੂੰ ਆਜ਼ਾਦੀ ਦਿਨ ਸਮੇਂ ਰੋਸ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ ਤਾਂਕਿ ਰਾਜ ਦੀ ਅੰਦਰੂਨੀ ਗੰਭੀਰ ਸਥਿਤੀ ਵੱਲ ਲੋਕਾਂ ਦਾ ਧਿਆਨ ਖਿਚਿਆ ਜਾ ਸਕੇ। ਬਾਦਲ ਵਲੋਂ ਇਹ ਵੀ ਕਿਹਾ ਗਿਆ ਸੀ ਕਿ ਇਸ ਦਿਨ ਭੁੱਖ ਹੜਤਾਲਾਂ ਕੀਤੀਆਂ ਜਾਣ, ਕਾਰੋਬਾਰ ਠੱਪੇ ਜਾਣ ਤੇ ਗੁਰਦੁਆਰਿਆਂ ਵਿਚ 'ਚੌਪਈ' ਦਾ ਪਾਠ ਕੀਤਾ ਜਾਵੇ।

## ਆਂਧਰਾ ਵਿਚ ਕਿਸ਼ਤੀ ਉਲਟਣ ਨਾਲ 30 ਮਰੇ

ਨਵੀਂ ਦਿੱਲੀ — ਇਥੋਂ ਪ੍ਰਾਪਤ ਖਬਰ ਅਨੁਸਾਰ ਆਂਧਰਾ ਪ੍ਰਦੇਸ਼ ਇਸ ਸਮੇਂ ਹੜ੍ਹਾਂ ਦੀ ਮਾਰ ਹੇਠ ਹੈ ਅਤੇ ਇਨ੍ਹਾਂ ਕਾਰਨ ਲਗਪਗ ਇਕ ਲੱਖ ਦੇ ਕਰੀਬ ਲੋਕ ਬੇਘਰ ਹੋ ਗਏ ਹਨ। ਕੱਲ੍ਹ ਦੀ ਖਬਰ ਅਨੁਸਾਰ ਇਕ ਵੱਡੀ ਕਿਸ਼ਤੀ ਜਿਸ ਵਿਚ 500 ਲੋਕ ਸਵਾਰ ਸਨ ਹੜ੍ਹ ਵਿਚ ਘਿਰ ਜਾਣ ਕਾਰਨ ਤੀਹ ਵਿਅਕਤੀ ਡੁੱਬਣ ਕਾਰਨ ਮਰ ਗਏ।


ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

PH. 588-5808

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

ਫਗਵਾੜੇ ਵਾਲਿਆਂ ਦੀ ਦੁਕਾਨ

ਏ. ਸੀ. ਜਿਊਲਰਜ਼.



9373 - 120 St. Delta, B.C.

# ਵਿਰੋਧੀ ਪਾਰਟੀ ਦੇ ਚਾਰ ਲੀਡਰਾਂ ਉਤੇ ਕਤਲ ਦੇ ਦੋਸ਼

## ਜ਼ਿਆ ਭੁੱਟੋ ਵਾਲੀ ਕਹਾਣੀ ਫਿਰ ਦੁਹਰਾਉਣ ਲੱਗਾ

ਇਸਲਾਮਾਬਾਦ — ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਫਿਰ ਭੁੱਟੋ ਵਾਲੀ ਕਹਾਣੀ ਦੁਹਰਾਉਣ ਦੇ ਰਾਹ ਤੁਰ ਪਿਆ ਲਗਦਾ ਹੈ। ਪਤਾ ਲੱਗਾ ਹੈ ਕਿ ਕੱਲ੍ਹ ਪੀਪਲਜ਼ ਪਾਰਟੀ ਦੇ ਚਾਰ ਮੁੱਖ ਆਗੂਆਂ ਜਹਾਂਗੀਰ ਯਾਦਰ, ਸਲਮਾਨ ਤਸੀਰ, ਮਲਿਕ ਹਕਮੀਨ ਖਾਨ ਅਤੇ ਸਯੱਦ ਨਾਜ਼ਿਮ ਅਲੀ ਸ਼ਾਹ ਉਤੇ ਕਤਲ ਦੇ ਕੇਸ ਪਾ ਦਿਤੇ ਗਏ ਹਨ।

ਪੁਲਸ ਨੇ ਲਾਹੌਰ ਵਿਚ ਦੰਗਿਆਂ ਸਮੇਂ ਮਾਰੇ ਗਏ ਚਾਰ ਵਿਅਕਤੀਆਂ ਦੇ ਕਤਲ ਉਪਰੋਕਤ ਚਾਰ ਲੀਡਰਾਂ ਦੇ ਸਿਰ ਮੜ੍ਹ ਦਿਤੇ ਹਨ।

ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਇਹ ਚਾਰ ਮੌਤਾਂ ਪੁਲਸ ਦੀਆਂ ਗੋਲੀਆਂ ਨਾਲ ਹੋਈਆਂ ਹਨ ਨਾ ਕਿ ਮੁਜ਼ਾਹਰਾਕਾਰਾਂ ਵਲੋਂ ਕੀਤੀ ਫਾਇਰਿੰਗ ਨਾਲ।

ਕਤਲ ਦੇ ਦੋਸ਼ ਪੰਜਾਬ ਦੇ ਪੀਪਲਜ਼ ਪਾਰਟੀ ਦੇ ਪ੍ਰਧਾਨ 'ਤੇ ਲਾਏ ਗਏ ਹਨ। ਸਯਦ ਨਾਜ਼ਮਅਲੀ ਸ਼ਾਹ ਅਤੇ ਮਲਿਕ ਹਕਮੀਨ ਖਾਨ ਫੜੇ ਜਾ ਚੁਕੇ ਹਨ ਜਦਕਿ ਬਾਦਰ ਅਤੇ ਤਸੀਰ ਦੀ ਭਾਲ ਪੁਲਸ ਕਰ ਰਹੀ ਹੈ।



# ਪੱਛਮੀ ਸਰਹੱਦੀ ਪੱਟੀ ਬਨਾਉਣ ਦਾ ਬਿਲ ਪਾਸ

## ਪੰਜ ਕਿਲੋਮੀਟਰ ਇਲਾਕਾ ਫੌਜ ਦੇ ਸਪੁਰਦ

ਨਵੀਂ ਦਿੱਲੀ — ਰਾਜ ਸਭਾ ਨੇ ਕੇਂਦਰ ਸਰਕਾਰ ਵਲੋਂ ਪੱਛਮੀ ਸਰਹੱਦੀ ਪੱਟੀ ਦੇ ਪੰਜ ਕਿਲੋਮੀਟਰ ਇਲਾਕੇ ਵਿਚ ਫੌਜ ਰੱਖਣ ਦਾ ਬਿਲ ਪਾਸ ਕਰ ਦਿਤਾ ਹੈ ਜਿਸ ਅਨੁਸਾਰ ਪੰਜਾਬ, ਰਾਜਸਥਾਨ, ਜੰਮੂ ਕਸ਼ਮੀਰ ਤੇ ਗੁਜਰਾਤ ਦਾ ਸਰਹੱਦੀ ਇਲਾਕਾ ਫੌਜ ਦੇ ਕਬਜ਼ੇ ਹੇਠ ਚਲਾ ਗਿਆ ਹੈ। ਰਾਜ ਸਭਾ ਵਿਚ ਵਿਰੋਧੀ ਮੈਂਬਰਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਪਰ ਕਾਂਗਰਸੀ ਮੈਂਬਰਾਂ ਨੇ ਕਿਹਾ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ ਰਾਹੀਂ ਅੱਤਵਾਦੀ ਟਰੇਂਡ ਕਰਕੇ ਭੇਜੇ ਜਾ ਰਹੇ ਹਨ ਇਸ ਲਈ ਸਰਹੱਦ ਦੀ ਸੁਰੱਖਿਆ ਜ਼ਰੂਰੀ ਹੈ।

### ਬਰਨਾਲਾ ਵਲੋਂ ਵਿਰੋਧ

ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸਰਹੱਦ ਨੂੰ ਸੀਲ ਕੀਤਾ ਜਾ ਸਕਦਾ ਸੀ ਪਰ ਸਰਹੱਦੀ ਪੱਟੀ ਫੌਜ ਹਵਾਲੇ ਕਰਨ ਨਾਲ ਸੱਤਰ ਹਜ਼ਾਰ ਲੋਕ ਜ਼ਮੀਨਾਂ ਤੋਂ ਬੇਅਬਾਦ ਹੋਣਗੇ। ਉਨ੍ਹਾਂ ਕਿਹਾ ਕਿ ਰਾਜਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ।

# ਇੰਦਰਾ ਨੂੰ ਮਾਰਨ ਦੀ ਸਾਜ਼ਸ਼ ਅਗਸਤ 'ਚ ਬਣੀ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਹਤਿਆਰੇ ਬੇਅੰਤ ਸਿੰਘ ਨੇ ਮਰਹੂਮ ਪ੍ਰਧਾਨ ਮੰਤਰੀ ਨੂੰ ਗੋਲੀ ਮਾਰਨ ਦੇ ਇਰਾਦੇ ਨਾਲ ਆਪਣੀ ਤੇ ਦੂਜੇ ਹਤਿਆਰੇ ਸਤਵੰਤ ਸਿੰਘ ਦੀ ਡਿਊਟੀ ਬਦਲਵਾਈ। ਹਾਈਕੋਰਟ ਦੇ ਜਸਟਿਸ ਐਸ. ਰੰਗਾਨਾਥਨ, ਜਸਟਿਸ ਬੀ. ਐਨ. ਕਿਰਪਾਲ ਤੇ ਜਸਟਿਸ ਐਮ. ਕੇ ਚਾਵਲਾ ਦੀ ਸ਼ਮੂਲੀਅਤ ਵਾਲੇ ਡਿਵੀਜ਼ਨ ਬੈਂਚ ਅੱਗੇ ਆਪਣੀਆਂ ਦਲੀਲਾਂ ਪੇਸ਼ ਕਰਦਿਆਂ ਵਿਸ਼ੇਸ਼ ਸਰਕਾਰੀ ਵਕੀਲ ਸ੍ਰੀ ਕੇ. ਐਸ. ਅਰੋੜਾ ਨੇ ਦਾਅਵਾ ਕੀਤਾ ਕਿ ਸ੍ਰੀਮਤੀ ਗਾਂਧੀ ਨੂੰ ਮਾਰਨ ਦੀ ਸਾਜ਼ਸ਼ ਅਗਸਤ 1984 ਵਿਚ ਤਿਆਰ ਕੀਤੀ ਗਈ।

ਇਸ ਯੋਜਨਾ ਨੂੰ ਅੰਤਮ ਰੂਪ 2 ਅਕਤੂਬਰ ਨੂੰ ਦਿੱਤਾ ਗਿਆ ਜਦੋਂ ਬੇਅੰਤ ਸਿੰਘ ਨੇ ਸਤਵੰਤ ਸਿੰਘ ਨੂੰ ਦੱਸਿਆ ਕਿ ਉਸ ਨੇ ਮਰਹੂਮ ਪ੍ਰਧਾਨ ਮੰਤਰੀ ਦਾ ਸਾਰਾ ਟੂਰ ਪਰੋਗਰਾਮ ਹਾਸਲ ਕਰ ਲਿਆ ਹੈ ਅਤੇ ਉਨ੍ਹਾਂ ਦਾ ਭਰੋਸਾ ਵੀ ਜਿੱਤ ਲਿਆ ਹੈ ਸ੍ਰੀ ਅਰੋੜਾ ਨੇ ਮੰਨਿਆ ਕਿ ਮਰਹੂਮ ਪ੍ਰਧਾਨ ਮੰਤਰੀ ਦੇ ਘਰ ਵਿਚ ਸੁਰੱਖਿਆ ਪ੍ਰਬੰਧਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਕਿਹਾ ਕਿ ਇਹ ਅਫਸੋਸਨਾਕ ਗੱਲ ਹੈ ਕਿ ਸੁਰੱਖਿਆ ਪ੍ਰਬੰਧਾਂ 'ਤੇ ਏਨਾ ਪੈਸਾ ਖਰਚ ਕੀਤਾ ਜਾਂਦਾ ਰਿਹਾ, ਪਰ ਉਹ ਕਿਸੇ ਵੀ ਤਰ੍ਹਾਂ ਵਧੀਆ ਨਹੀਂ ਸਨ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣਾ ਕੇਂਦਰ ਦੇ ਹੱਥ 'ਚ ਹੀ ਹੈ...




ਪੰਨਾ । ਦੀ ਬਾਕੀ

### ਮੰਗਲਵਾਰ ਸੱਤ ਮਰੇ

ਮੰਗਲਵਾਰ ਦੇ ਦਿਨ ਫੌਜੀ ਟੋਲੀ ਵਲੋਂ ਸੱਤ ਸਿੰਧੀ ਗੋਲੀਆਂ ਨਾਲ ਉਡਾ ਦਿਤੇ ਗਏ। ਮੁਜ਼ਾਹਰਾਕਾਰ ਇਹ ਮੰਗ ਕਰ ਰਹੇ ਸਨ ਕਿ ਨਵੀਆਂ ਚੋਣਾਂ ਕਰਵਾਈਆਂ ਜਾਣ ਅਤੇ ਬੇਨਜ਼ੀਰ ਭੁਟੋ ਨੂੰ ਰਿਹਾ ਕੀਤਾ ਜਾਵੇ।

### ਬੁੱਧਵਾਰ ਦੋ ਮਰੇ ਤੇ ਸੈਂਕੜੇ ਗ੍ਰਿਫਤਾਰ

ਪਾਕਿਸਤਾਨੀ ਮੁਜ਼ਾਹਰਾਕਾਰਾਂ ਵਲੋਂ ਕਰਾਚੀ ਵਿਚ ਰੋੜਿਆਂ ਤੇ ਇੱਟਾਂ ਨਾਲ ਪੁਲਸ ਉਤੇ ਹਮਲਾ ਕੀਤੇ ਜਾਣ ਸਮੇਂ ਦੋ ਹੋਰ ਮੁਜ਼ਾਹਰਾਕਾਰ ਮਾਰੇ ਗਏ। ਫੌਜੀ ਸਰਕਾਰ ਨੇ ਦਸ ਹਜ਼ਾਰ ਵਿਅਕਤੀ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਸੁੱਟ ਦਿਤੇ ਹਨ।

ਸ਼ਾਹ ਅਹਿਮਦ ਅਮਰੋਟੀ ਜੋ ਅਜੇ ਵੀ ਭਗੌੜਾ ਹੈ ਨੇ ਦੋਸ਼ ਲਾਇਆ ਕਿ ਪੁਲਸ ਲੋਕਾਂ ਨੂੰ 'ਬੱਕਰੀਆਂ ਤੇ ਜਾਨਵਰਾਂ' ਦੀ ਤਰ੍ਹਾਂ ਕੋਹ ਕੋਹ ਮਾਰ ਰਹੀ ਹੈ।


United Realty Ltd.

3879 Oak Street, Vancouver, B.C. V6H 2M6



Malkit Dhami, M.A. (Eco.)

Member of Prestigious M.L.S. Medallion Club For 83-84 85-86

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

MINT AUTO BODY LTD.

5590 Lane Street, Burnaby, B.C. V5H 2H5

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:

Phone: 433-1207 Bhupinder(Bob) Sihota

# ਵੈਂਡਰਜ਼ਾਮ ਨਾਨਕਸਰ ਦੇ ਉਦਘਾਟਨ ਦੀ ਰਸਮ ਵਿਚ



ਰਿਚਮੰਡ — ਸੋਮਵਾਰ ਦੀ ਸ਼ਾਮ ਨੂੰ ਬੀ. ਸੀ. ਦੇ ਪ੍ਰੀਮੀਅਰ ਮਿ: ਵੈਂਡਰਜ਼ਾਮ ਨੇ ਸਿਰ ਉਤੇ ਰੁਮਾਲ ਬੰਨ੍ਹਕੇ ਨਾਨਕਸਰ ਗੁਰੂ ਘਰ ਦੇ ਉਦਘਾਟਨ ਸਮੇਂ ਸੰਗਤਾਂ ਨੂੰ ਪੰਜਾਬੀ ਵਿਚ 'ਸਤਿ ਸ੍ਰੀ ਅਕਾਲ' ਆਖੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਸਮੇਂ ਹਾਜ਼ਰ ਸਨ। ਪ੍ਰਬੰਧਕਾਂ ਵਲੋਂ ਗੁਰਦੁਆਰੇ ਦੀ ਇਮਾਰਤ ਦੇ ਮੁਕੰਮਲ ਹੋਣ ਕਾਰਨ ਇਹ ਸਮਾਗਮ ਕੀਤਾ ਗਿਆ। ਮਿ: ਵੈਂਡਰਜ਼ਾਮ ਨੇ ਆਪਣੀ ਪਤਨੀ ਲਿਲੀਅਨ ਨਾਲ ਰਿਬਨ ਕੱਟਣ ਦੀ ਰਸਮ ਅਦਾ ਕੀਤੀ।

ਵੈਂਡਰਜ਼ਾਮ ਤੇ ਉਸਦੀ ਪਤਨੀ ਨੇ 4680 ਵਰਗਮੀਟਰ ਬਿਲਡਿੰਗ ਦਾ ਚੱਕਰ ਲਾਇਆ ਤੇ ਫਿਰ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਵੱਖਰੀ ਮੀਟਿੰਗ ਕੀਤੀ।

ਆਪਣੇ ਭਾਸ਼ਨ ਵਿਚ ਪ੍ਰੀਮੀਅਰ ਨੇ ਕਿਹਾ ਕਿ ਪਿਛਲੇ ਕੁਝ ਹਫਤਿਆਂ ਦੌਰਾਨ ਮੈਂ ਵੀ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ ਹੈ। ਇਸੇ ਤਰ੍ਹਾਂ ਇਹ ਨਵਾਂ ਗੁਰਦੁਆਰਾ ਵੀ ਤੁਹਾਡੇ ਲਈ ਨਵੀਂ ਸ਼ੁਰੂਆਤ ਹੈ।

# ਦਹਿਸ਼ਤਪਸੰਦੀ ਨਾਲ ਲੜਾਈ ਜਾਰੀ ਰਹੇਗੀ

## ਪ੍ਰਧਾਨ ਮੰਤਰੀ ਦਾ ਆਜ਼ਾਦੀ ਦਿਨ ਉਤੇ ਸੰਦੇਸ਼

ਨਵੀਂ ਦਿੱਲੀ — ਕਰੜੇ ਸੁਰੱਖਿਆ ਪ੍ਰਬੰਧਾਂ ਹੇਠ ਭਾਰਤ ਦੇ ਪ੍ਰਧਾਨ ਮੰਤਰੀ ਨੇ ਲੱਖਾਂ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਹਿਸ਼ਤਪਸੰਦੀ ਕੌਮਾਂਤਰੀ ਮਸਲਾ ਬਣ ਚੁਕੀ ਹੈ ਅਤੇ ਭਾਰਤ ਵੀ ਇਸ ਬੀਮਾਰੀ ਦੀ ਲਪੇਟ ਵਿਚ ਆ ਗਿਆ ਹੈ। ਉਨ੍ਹਾਂ ਕਿਹਾ ਦਹਿਸ਼ਤਪਸੰਦੀ ਵਿਰੁੱਧ ਲੜਾਈ ਦ੍ਰਿੜਤਾ ਨਾਲ ਹੀ ਲੜੀ ਜਾ ਸਕਦੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਇਹ ਇਕ ਲੰਮੀ ਲੜਾਈ ਹੈ ਜਿਸ ਨਾਲ ਸਾਲਾਂ ਬੱਧੀ ਲੜਨਾ ਪੈਣਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਦਹਿਸ਼ਤਪਸੰਦਾਂ ਦਾ ਸਫਾਇਆ ਨਹੀਂ ਹੋ ਜਾਂਦਾ ਉਨਾ ਚਿਰ ਲਗਾਤਾਰ ਲੜਾਈ ਜਾਰੀ ਰਹੇਗੀ।

### ਪੰਜਾਬ ਦੇ ਮਸਲੇ ਦਾ ਰਾਜਨੀਤਕ ਹੱਲ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਪੰਜਾਬ ਦਾ ਮਸਲਾ ਬਹੁਤ ਉਲਝਿਆ ਮਸਲਾ ਹੈ ਤੇ ਇਸਨੂੰ ਰਾਜਨੀਤਕ ਪੱਧਰ ਉਤੇ ਹੀ ਨਜਿੱਠਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਨ ਅਤੇ ਕਾਨੂੰਨ ਦੀ ਸੁਰੱਖਿਆ ਸਰਕਾਰ ਦਾ ਕੰਮ ਹੈ ਤੇ ਸਰਕਾਰ ਇਸ ਜ਼ਿੰਮੇਂਵਾਰੀ ਤੋਂ ਕੰਨੀਂ ਨਹੀਂ ਕਤਰਾ ਸਕਦੀ।

ਦਰਸ਼ਕਾਂ ਅਨੁਸਾਰ 60,000 ਦੇ ਲਗਪਗ ਪੁਲੀਸ ਸੁਰੱਖਿਆ ਉਤੇ ਤਾਈਨਾਤ ਸੀ ਤੇ ਰਾਜੀਵ ਗਾਂਧੀ ਨੇ ਸ਼ੀਸ਼ੇ ਦੇ ਬਣੇ ਪਲੇਟਫਾਰਮ ਵਿਚ ਖੜ੍ਹੋ ਕੇ ਭਾਸ਼ਨ ਦਿਤਾ।

# 155 ਤਾਮਿਲ ਰਫਿਊਜ਼ੀ ਧੋਖੇ ਦਾ ਸ਼ਿਕਾਰ ਹੋਏ

## ਪੱਛਮੀ ਜਰਮਨੀ ਦੇ ਜਹਾਜ਼ ਮਾਲਕ ਨੇ ਛੇ ਲੱਖ ਡਾਲਰ ਬਣਾਏ

ਹੈਮਬਰਗ — ਇਕ ਪੱਛਮੀ ਜਰਮਨੀ ਦੇ ਅਖਬਾਰ ਅਨੁਸਾਰ ਦੋ ਲੰਕਾਂ ਦੇ ਰਹਿਣ ਵਾਲਿਆਂ ਨੇ ਮੰਨ ਲਿਆ ਹੈ ਕਿ 155 ਰਫਿਊਜ਼ੀਆਂ ਨੂੰ ਕੈਨੇਡਾ ਪਹੁੰਚਾਣ ਦਾ ਕੰਮ ਪੱਛਮੀ ਜਰਮਨੀ ਦੇ ਇਕ ਜਹਾਜ਼ ਮਾਲਕ ਨੇ ਕੀਤਾ ਜੋ ਜਹਾਜ਼ ਦਾ ਕਪਤਾਨ ਵੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 250 ਰਫਿਊਜ਼ੀਆਂ ਨੂੰ ਪੱਛਮੀ ਜਰਮਨੀ ਤੋਂ ਕੈਨੇਡਾ ਲਿਜਾਣ ਲਈ ਕਪਤਾਨ ਨੇ ਪੰਜ ਲੱਖ 85 ਹਜ਼ਾਰ ਡਾਲਰ ਮੰਗੇ।

ਪਰ ਜਹਾਜ਼ ਦੇ ਮਾਲਕ ਤੇ ਕਪਤਾਨ ਵੌਲਫਗੈਂਗ ਬਿਡਲ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। ਸ੍ਰੀ ਲੰਕਾ ਦੇ ਦੋ ਨਿਵਾਸੀ ਤੇ ਇਕ ਤੁਰਕੀ ਦਾ ਵਸਨੀਕ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਨ ਤੇ ਉਨ੍ਹਾਂ ਨੂੰ ਪਿਛੋਂ ਜ਼ਮਾਨਤ ਉਤੇ ਛੱਡ ਦਿਤਾ ਗਿਆ।

'ਕੁਇਨ' ਅਖਬਾਰ ਅਨੁਸਾਰ ਸ੍ਰੀ ਰਤਨਾਮ ਨੇ ਸੰਪਰਕ ਪੈਦਾ ਕੀਤੇ ਅਤੇ ਤੁਰਕੀ ਨਿਵਾਸੀ ਵਿਅਕਤੀ ਨੇ ਉਨ੍ਹਾਂ ਨੂੰ ਜਹਾਜ਼ ਉਤੇ ਪਹੁੰਚਾਇਆ।

ਇਹ ਵੀ ਪਤਾ ਲੱਗਾ ਹੈ ਕਿ ਕੈਨੇਡਾ ਸਰਕਾਰ ਨੇ ਕਲੇਮ ਅਜੇ ਰੋਕ ਲਏ ਹਨ ਤਾਂਕਿ ਨਵਾਂ ਕਾਨੂੰਨ ਬਣਨ ਉਤੇ ਇਨ੍ਹਾਂ ਨਾਲ ਨਿਪਟਿਆ ਜਾਵੇ।

# ਪ੍ਰਵਾਰ ਦੇ ਤੇਰਾਂ ਜੀਅ ਕਤਲ

## ਝਗੜਾ ਜ਼ਮੀਨ ਦਾ — ਗੁੱਸਾ ਬੱਚਿਆਂ ਉਤੇ

ਨਵੀਂ ਦਿੱਲੀ — ਇਥੋਂ ਮਿਲੀ ਸੂਚਨਾ ਅਨੁਸਾਰ ਇਕ ਗੁਰਮੀਤ ਸਿੰਘ ਨਾਂ ਦੇ ਵਿਅਕਤੀ ਨੇ ਆਪਣੇ ਪ੍ਰਵਾਰ ਦੇ ਤੇਰਾਂ ਵਿਅਕਤੀ ਉਤਰ ਪ੍ਰਦੇਸ਼ ਵਿਚ ਕਤਲ ਕਰ ਦਿਤੇ। ਪੁਲਸ ਗੁਰਮੀਤ ਸਿੰਘ ਦੀ ਭਾਲ ਵਿਚ ਸਰਗਰਮ ਦੱਸੀ ਜਾਂਦੀ ਹੈ। ਮਰਨ ਵਾਲਿਆਂ ਵਿਚ ਅੱਠ ਬੱਚੇ ਸਨ ਜੋ ਪੰਦਰਾਂ ਸਾਲ ਦੀ ਉਮਰ ਤੋਂ ਘੱਟ ਸਨ। ਇਹ ਕਤਲ ਪ੍ਰਵਾਰਕ ਜ਼ਮੀਨੀ ਝਗੜੇ ਕਾਰਨ ਕੀਤੇ ਗਏ। ਕਤਲ ਉਸ ਸਮੇਂ ਕੀਤੇ ਗਏ ਜਦ ਸਾਰਾ ਪ੍ਰਵਾਰ ਸੌਂ ਰਿਹਾ ਸੀ।


EXPLORE INDIA



10 Master Artisans from India and over 1,500 artifacts bring to life 5,000 years of science, crafts and technology of India.

Experience INDIA: A FESTIVAL OF SCIENCE at the Pacific Science Center, July 2 through October 31, 1986.

PACIFIC SCIENCE CENTER
200 Second Avenue North Seattle, Washington 98109



ਸੁਪਰ ਫੋਟੋ ਸਟੂਡੀਓ

Passport Photos 5 Mins. Service
Quality Portraits
Our Bussiness Weddings



Super Photo Studio
9375 - 120th St. (Scott Rd.) Delta

Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668
Res. 596-3770



MOGUL GARDENS
RESTAURANT



We cater to large private parties
Take-Out Available
The most affordable in **Tandori** (clay-oven) dishes
We serve classical East-Indian Food with good service. . .
**Speciality Foods being baked in a charcoal clay-oven**
**'The Tandoor' is its perfection and flavour**

**Fully Licensed** **Free Parking (after 6 p.m.)**

801 Beach Ave. (1 blk. south of Pacific)
**684-5886**

**Gourmet Varities include Butter Chicken, Vegetarian foods, Sea food and Meat, Curries, Nan and Paraunthe**

**Luncheon - Buffet - Weekdays $5.95**
**Brunch - Weekends**
**Dinner - Parties**




**Mugul Gardens**

**Free Parking (after 6 pm)**

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ :

# ਪਾਕਿਸਤਾਨ ਵਿਚ ਹਾਲਾਤ ਗੰਭੀਰ

ਪਿਛਲੇ ਹਫਤੇ ਤੋਂ ਪਾਕਿਸਤਾਨ ਸੰਸਾਰ ਵਿਚ ਸੁਰਖੀਆਂ ਦਾ ਕੇਂਦਰ ਬਣਿਆ ਹੋਇਆ ਹੈ। ਇਕ ਹਫਤੇ ਵਿਚ 40 ਵਿਅਕਤੀਆਂ ਦਾ ਕਤਲ ਕੀਤੇ ਜਾਣਾ — ਉਹ ਵੀ ਸਰਕਾਰ ਦੀ ਪੁਲਸ ਵਲੋਂ — ਪਾਕਿਸਤਾਨ ਦੀ ਹਾਲਤ ਦੀ ਗੰਭੀਰਤਾ ਦੇ ਹੀ ਸੰਕੇਤ ਹਨ। ਪਾਕਿਸਤਾਨ ਵਿਚ ਪਿਛਲੇ 39 ਸਾਲ ਤੋਂ ਲਗਪਗ ਫੌਜੀ ਰਾਜ ਹੀ ਚਲਿਆ ਆ ਰਿਹਾ ਹੈ। ਆਮ ਲੋਕਾਂ ਦੀ ਦਸ਼ਾ ਬਹੁਤ ਭੈੜੀ ਦੱਸੀ ਜਾਂਦੀ ਹੈ। ਜਦ ਸਮੁੱਚਾ ਮੁਲਕ ਹੀ ਅਮਰੀਕਨ ਸਾਮਰਾਜ ਦੇ ਰਹਿਮ ਉਤੇ ਹੋਵੇ ਤਾਂ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਕਰਨ ਬਾਰੇ ਕੌਣ ਸੋਚ ਸਕਦਾ ਹੈ। ਪਿਛਲਾ ਇਤਿਹਾਸ ਗਵਾਹ ਹੈ ਕਿ ਫੌਜੀ ਜੁੰਡਲੀ ਆਜ਼ਾਦੀ ਦੀਆਂ ਕਦਰਾਂ ਕੀਮਤਾਂ ਨੂੰ ਪੈਰਾਂ ਥੱਲੇ ਰੋਲ ਕੇ ਹੀ ਰਾਜ ਕਰ ਸਕਦੀ ਹੈ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਕਰਦੀ ਆ ਰਹੀ ਹੈ। ਪਹਿਲਾਂ ਪੂਰਬੀ ਬੰਗਾਲ ਦੀ ਲੁੱਟ ਖਸੁੱਟ ਕਰਕੇ ਇਹ ਫੌਜੀ ਹਾਕਮ ਆਪਣਾ ਪੇਟ ਪਾਲਦੇ ਰਹੇ ਅਤੇ ਪੂਰਬੀ ਬੰਗਾਲ ਦੁੱਖੀ ਹੋ ਕੇ ਵੱਖ ਹੋ ਗਿਆ। ਪਰ ਪੂਰਬੀ ਬੰਗਾਲ ਦੀ ਬਦਕਿਸਮਤੀ ਕਿ ਉਹ ਫਿਰ ਫੌਜੀ ਰਾਜ ਦੇ ਵੱਸ ਪੈ ਗਏ।

ਬਹੁਤੇ ਲੋਕ ਅੱਜ ਵੀ ਹੋਰ ਮਜ਼ਹਬਾਂ ਵਿਚ ਅਜਿਹੇ ਹਨ ਜੋ ਦੇਸ਼ਾਂ ਨੂੰ ਮਜ਼ਹਬ ਦੇ ਆਧਾਰ ਉਤੇ ਚਲਾਉਣ ਲਈ ਤਤਪਰ ਦਿਸਦੇ ਹਨ ਪਰ ਅਜਿਹੇ ਲੋਕਾਂ ਸਾਹਮਣੇ ਪਾਕਿਸਤਾਨ ਤੇ ਈਰਾਨ ਦੀਆਂ ਹਕੂਮਤਾਂ ਦੀ ਮਿਸਾਲ ਸਾਹਮਣੇ ਹੈ। ਪਾਕਿਸਤਾਨ ਵੀ ਇਸਲਾਮੀ ਵਿਚਾਰਧਾਰਾ ਦਾ ਝੰਡਾ ਬਰਦਾਰ ਗਿਣਿਆ ਜਾਂਦਾ ਹੈ। ਉਥੇ ਮਾਮੂਲੀ ਗਲਤੀ ਕਾਰਨ ਹੱਥ, ਪੈਰ, ਨੱਕ ਕੱਟੇ ਜਾਣਾ ਮਜ਼ਹਬ ਦਾ ਅੰਗ ਗਿਣਿਆ ਜਾਂਦਾ ਹੈ। ਪਰ ਪਾਕਿਸਤਾਨ ਦੇ ਆਮ ਲੋਕਾਂ ਦੀ ਹਾਲਤ ਕਿਸੇ ਕੋਲੋਂ ਗੁੱਝੀ ਨਹੀਂ। ਆਜ਼ਾਦੀ ਦਾ ਨਾਂ ਲੈਣ ਉਤੇ ਹੀ ਗੋਲੀ ਦਾਗ਼ ਦਿਤੀ ਜਾਂਦੀ ਹੈ। ਲੋਕ-ਤੰਤਰੀ ਰਾਜਾਂ ਵਿਚ ਹਜ਼ਾਰ ਖੁਨਾਮੀਆਂ ਹੋ ਸਕਦੀਆਂ ਹਨ ਪਰ ਇਸ ਤਰ੍ਹਾਂ ਦਾ ਜ਼ੁਲਮ ਲੋਕ-ਤੰਤਰ ਵਿਚ ਬਹੁਤੀ ਦੇਰ ਨਹੀਂ ਚਲ ਸਕਦਾ।

ਪੀਪਲਜ਼ ਪਾਰਟੀ ਜ਼ਿਆ ਦੀ ਮੁਖ ਵਿਰੋਧੀ ਪਾਰਟੀ ਹੈ। 10 ਅਪ੍ਰੈਲ ਨੂੰ ਬੇਨਜ਼ੀਰ ਭੁੱਟੋ ਦੇ ਪਹੁੰਚਣ ਉਤੇ ਪਾਕਿਸਤਾਨ ਦੇ ਆਮ ਲੋਕਾਂ ਨੇ ਉਸਨੂੰ ਅੱਖਾਂ ਉਤੇ ਬਿਠਾ ਲਿਆ। ਜ਼ਿਆ - ਜੁੰਡਲੀ ਲਈ ਇਹ ਸਹਾਰਨਾ ਬਹੁਤ ਮੁਸ਼ਕਲ ਸੀ। ਬੇਨਜ਼ੀਰ ਤੇ ਹੋਰ ਵਿਰੋਧੀ ਆਗੂਆਂ ਨੂੰ ਜੇਲ੍ਹ ਵਿਚ ਸੁੱਟ ਦਿਤਾ ਗਿਆ ਹੈ ਅਤੇ ਬੇਪਨਾਹ ਬੰਦਸ਼ਾਂ ਲੋਕਾਂ ਉਤੇ ਲਾ ਦਿਤੀਆਂ ਗਈਆਂ ਹਨ। ਉਹ ਦਿਨ ਵੀ ਦੂਰ ਨਹੀਂ ਦਿਸਦਾ ਜਦ ਫੇਰ 'ਮਾਰਸ਼ਲ ਲਾਅ' ਲਾ ਦਿਤਾ ਜਾਵੇਗਾ।

ਲੋਕ-ਤੰਤਰ ਬਹਾਲ ਕਰਨ ਲਈ ਪਾਕਿਸਤਾਨ ਦੇ ਲੋਕ ਉਠ ਖਲੋਤੇ ਹਨ ਪਰ ਦੇਖਣਾ ਇਹ ਹੈ ਕਿ ਉਹ ਇਸ ਘੋਲ ਨੂੰ ਸਾਰਥਕ ਸੇਧ ਦੇ ਕੇ ਮੰਜ਼ਲ ਤੱਕ ਕਦ ਪਹੁੰਚਦੇ ਹਨ ?

# ਭਾਰਤ ਦੀ ਰਾਜਧਾਨੀ ਬੰਬਈ !

ਸਮਰਾਲਾ, .3—(ਪੱਤਰ-ਪ੍ਰੇਰਕ) ਇਸ ਵਾਰ ਸਟੇਟ ਲੈਂਡ ਮਾਰਗੇਜ਼ ਬੈਂਕ ਦੇ ਉਮੀਦਵਾਰਾਂ ਨੇ ਸਿਲੈਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਲਾਜਵਾਬ ਕਰ ਦਿਤਾ ਜਦੋਂ ਮੈਂਬਰਾਂ ਨੇ ਉਹਨਾਂ ਤੋਂ ਬਹੁਤ ਹੀ ਰੌਚਿਕ ਸਵਾਲ ਪੁਛੇ। ਇਕ ਐਮ. ਏ. ਪਾਸ ਉਮੀਦਵਾਰ ਤੋਂ ਜਦੋਂ ਹਿੰਦੁਸਤਾਨ ਦੀ ਰਾਜਧਾਨੀ ਬਾਰੇ ਪੁਛਿਆ ਤਾਂ ਉਸ ਨੇ ਬੰਬਈ ਦਸਿਆ ਜਦੋਂ ਮੈਂਬਰਾਂ ਨੇ ਕਿਹਾ ਕਿ ਤੂੰ ਐਮ.ਏ. ਪੜ੍ਹਿਆ ਹੋਇਆ ਹੈਂ ਤੈਨੂੰ ਹਿੰਦੁਸਤਾਨ ਦੀ ਰਾਜਧਾਨੀ ਬਾਰੇ ਪਤਾ ਨਹੀਂ ਤਾਂ ਉਸ ਨੇ ਜਵਾਬ ਦਿਤਾ ਕਿ ਜੇ ਮੈਂ ਬੰਬਈ ਦੀ ਥਾਂ ਤੇ ਦਿੱਲੀ ਦਸ ਦਿੰਦਾ ਤਾਂ ਕੀ ਗਾਰੰਟੀ ਸੀ ਕਿ ਤੁਸੀਂ ਮੈਨੂੰ ਨੌਕਰੀ ਲਈ ਚੁਣ ਲੈਂਦੇ। ਇਸੇ ਤਰ੍ਹਾਂ ਹੀ ਜਦੋਂ ਇਕ ਉਮੀਦਵਾਰ ਤੋਂ ਪੁਛਿਆ ਕਿ ਹੁਣ ਤੂੰ ਕੀ ਕੰਮ ਕਰਦਾ ਹੈਂ ਤਾਂ ਜਦੋਂ ਉਸ ਨੇ ਦਸਿਆ ਕਿ ਉਹ ਸ਼ਹਿਰ ਵਿਚ ਦੁੱਧ ਵੇਚਦਾ ਹੈ ਤਾਂ ਉਸਨੂੰ ਪੁਛਿਆ ਗਿਆ ਕਿ ਤੂੰ ਦੁੱਧ ਵਿਚ ਪਾਣੀ ਕਿੰਨਾ ਪਾਉਂਦਾ ਹੈ ਤਾਂ ਉਸ ਨੇ ਜਵਾਬ ਕਿਤਾ ਕਿ ਜਿੰਨਾ ਕੁ ਇਲੈਕਟਰੋ ਮੀਟਰ ਝੱਲ ਲਵੇ। ਤੇ ਜਦੋਂ ਉਸ ਨੂੰ ਪੁਛਿਆ ਗਿਆ ਕਿ ਮੱਝ ਨੂੰ ਮੱਝ ਕਿਉਂ ਕਹਿੰਦੇ ਹਨ, ਹੋਰ ਕਿਉਂ ਨਹੀਂ ਕੁਝ ਕਹਿੰਦੇ ਤਾਂ ਉਸ ਨੇ ਜਵਾਬ ਵਿਚ ਕਿਹਾ ਕਿ ਜਿਵੇਂ ਗੁਲਾਬ ਦੇ ਫੁੱਲ ਨੂੰ ਗੁਲਾਬ ਹੀ ਕਹਿੰਦੇ ਹਨ, ਗੋਭੀ ਦਾ ਫੁੱਲ ਨਹੀਂ ਕਹਿੰਦੇ।

# ਲੰਡਨ ਡਾਇਰੀ

# ਬਰਤਾਨੀਆ ਵਿਚ ਨਸਲੀ ਹਮਲੇ



ਅਵਤਾਰ ਸਾਦਿਕ (ਕੌਮੀ ਸਕੱਤਰ ਭਾਰਤੀ ਮਜ਼ਦੂਰ ਸਭਾ

ਥੈਚਰ ਸਰਕਾਰ ਦੇ ਤਾਕਤ ਵਿਚ ਆਉਣ ਨਾਲ ਦੇਸ ਦੀਆਂ ਸਮਾਜਕ ਆਰਥਕ ਤੇ ਨਸਲੀ ਸਬੰਧਾਂ ਦੀਆਂ ਪ੍ਰਸਥਿਤੀਆਂ ਵਿਚ ਨਿਰਾਸ਼ਾਜਨਕ ਤਬਦੀਲੀ ਆਈ ਹੈ। ਟ੍ਰੇਡ ਯੂਨੀਅਨਾਂ ਦੇ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਪੰਜ ਮਿਲੀਅਨ ਦੇ ਲਗਭਗ ਹੈ। ਕਾਲੇ ਲੋਕਾਂ ਤੇ ਬੇਰੁਜ਼ਗਾਰੀ ਦਾ ਅਸਰ ਚਿੱਟੇ ਲੋਕਾਂ ਦੇ ਮੁਕਾਬਲੇ ਵਿਚ ਦੂਗਣਾ ਹੈ। ਕਈ ਸ਼ਹਿਰਾਂ ਦੇ ਅੰਦਰਲੇ ਇਲਾਕਿਆਂ ਵਿਚ ਕਾਲੇ ਨੌਜਵਾਨ, ਚਿੱਟੇ ਨੌਜਵਾਨਾਂ ਦੇ ਮੁਕਾਬਲੇ ਵਿਚ ਤਿਗਣੀ ਮਾਤਰ ਵਿਚ ਵੇਹਲੇ ਹਨ ('ਕਾਲਾ' ਸ਼ਬਦ ਮੈਂ ਏਸ਼ੀਅਨ ਤੇ ਅਫ੍ਰੋਕੈਰੀਬੀਅਨ ਲਈ ਵਰਤਿਆ ਹੈ)।

ਨੌਕਰੀਆਂ ਪ੍ਰਾਪਤ ਕਰਨ ਸਮੇਂ ਕਾਲੇ ਲੋਕ ਚਿੱਟੇ ਲੋਕਾਂ ਦੇ ਮੁਕਾਬਲੇ ਵਿਚ ਬਰਾਬਰ ਦੀ ਤਾਲੀਮ ਤੇ ਬਰਾਬਰ ਦਾ ਕੰਮ ਦਾ ਤਜਰਬਾ ਹੋਣ ਦੇ ਬਾਵਜੂਦ ਵੀ 50 ਪ੍ਰਤੀਸ਼ਤ ਨਸਲੀ ਵਿਤਕਰੇ ਦਾ ਸ਼ਿਕਾਰ ਹਨ।

ਥੈਚਰ ਸਰਕਾਰ ਦੀਆਂ ਸਮਾਜਕ-ਆਰਥਕ ਪਾਲਸੀਆਂ ਮੁਨਾਫੇਖੋਰਾਂ ਦੇ ਹਿਤ ਵਿਚ ਹੋਣ ਕਾਰਨ ਗਰੀਬੀ ਦੀ ਹੱਦ ਤੋਂ ਥੱਲੇ ਰਹਿ ਰਹੇ ਲੋਕਾਂ ਦੀ ਗਿਣਤੀ 16 ਮਿਲੀਅਨ ਤੱਕ ਪਹੁੰਚ ਗਈ ਹੈ। ਕਾਲੇ ਲੋਕਾਂ ਵਿਚਕਾਰ ਗਰੀਬੀ ਵਿਰਾਟ ਰੂਪ ਧਾਰਨ ਕਰ ਰਹੀ ਹੈ। ਸਮਾਜਕ ਸੁਰਖਿਆ ਦੀ ਸਹੂਲਤਾਂ ਦੀਆਂ ਲਗਾਤਾਰ ਕਟੌਤੀਆਂ ਨੇ ਬੁਢੇ, ਬੀਮਾਰਾਂ, ਬੇਰੁਜ਼ਗਾਰਾਂ ਤੇ ਅਪਾਹਜ ਲੋਕਾਂ ਲਈ ਕਠਨਾਈਆਂ ਭਰਪੂਰ ਮਾਹੌਲ ਪੈਦਾ ਕਰ ਦਿਤਾ ਹੈ। ਜਮਾਤੀ ਪਾੜਾ, ਸੰਜੀਦਾ ਜਮਾਤੀ ਟਕਰਾ, ਦੰਗਿਆਂ ਤੇ ਫਸਾਦਾਂ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ।

ਜਿਥੇ ਸਮਾਜਕ ਤੇ ਆਰਥਕ ਹਾਲਤਾਂ ਨੇ ਮੇਹਨਤੀ ਲੋਕਾਂ ਲਈ ਤੰਗੀਆਂ ਭਰਪੂਰ ਮਾਹੌਲ ਪੈਦਾ ਕਰ ਦਿਤਾ ਹੈ ਉਥੇ ਦੇਸ ਦੇ ਨਸਲਪ੍ਰਸਤ-ਫਾਸ਼ਿਸ਼ਟਾਂ ਨੇ ਕਾਲੇ ਲੋਕਾਂ ਤੇ ਨਸਲੀ ਹਮਲਿਆਂ ਨੂੰ ਤੇਜ਼ ਕਰਕੇ ਨਸਲੀ ਦਹਿਸ਼ਤ ਗਰਦੀ ਫੈਲਾਈ ਹੋਈ ਹੈ। ਕਾਲੇ ਲੋਕ ਨਸਲੀ ਹਮਲਿਆਂ, ਨਸਲੀ ਕਸ਼ਟਾਂ ਦੇ ਭੈਆਤਮਕ ਡਰ ਤੇ ਸਹਿਮ ਭਰਪੂਰ ਮਾਹੌਲ ਵਿਚੀਂ ਲੰਘ ਰਹੇ ਹਨ। ਨਸਲਵਾਦੀਆਂ ਦਾ ਮੰਤਵ ਕਾਲੇ ਲੋਕਾਂ ਨੂੰ ਤੰਗ ਕਰਕੇ ਮਾਰਕੇ, ਕੁਟਕੇ ਦੇਸ਼ ਵਿਚੋਂ ਕੱਢਣ ਦਾ ਹੈ। ਨਸਲੀ ਵਿਰੋਧ ਜਿਸ ਮਾਤਰਾ ਨਾਲ ਤੇਜ਼ ਹੋ ਰਿਹਾ ਹੈ ਉਸ ਨਾਲ ਨਸਲੀ ਸਬੰਧਾਂ ਦੇ ਵਿਗੜਨ ਦਾ ਗੰਭੀਰ ਖਤਰਾ ਹੈ।

ਕਾਲੇ ਲੋਕਾਂ ਦੇ ਘਰਾਂ ਨੂੰ ਅੱਗਾਂ, ਕਾਲੇ ਲੋਕਾਂ ਦੇ ਕਤਲ ਗੰਦੀਆਂ ਗਾਲੀਆਂ, ਕੁੱਤੇ, ਕਾਰਾਂ, ਬੰਦੂਕਾਂ, ਚਾਕੂਆਂ ਦੀ ਵਰਤੋਂ ਕਰਕੇ ਧਮਕਾਉਣਾ, ਸਰੀਰਕ ਨੁਕਸਾਨ ਪਹੁੰਚਾਉਣ। ਘਰਾਂ ਦੇ ਸ਼ੀਸ਼ਿਆਂ ਰਾਹੀਂ ਇਟਾਂ ਸੁਟਣੀਆਂ, ਟੈਲੀਫੋਨਾਂ ਦੀਆਂ ਤਾਰਾਂ ਕੱਟਣੀਆਂ, ਲੈਟਰ ਬਾਕਸਾਂ ਰਾਹੀਂ ਕੂੜਾ ਕਰਕਟ ਸੁਟਣਾ, ਛੂਰੇ ਮਾਰਨੇ, ਥੁਕਣਾ, ਗੰਦੀਆਂ ਗਾਲੀਆਂ ਕੱਢਣਾ ਦਰਵਾਜ਼ਿਆਂ ਤੇ ਨਸਲਵਾਦੀ ਨਾਹਰੇ ਲਿਖਣ ਦੀ ਵਰਤੋਂ ਕਰਨ ਦੀਆਂ ਵਾਰਦਾਤਾਂ ਤੇ ਕਾਲੇ ਲੋਕਾਂ ਵਲੋਂ ਰੋਸ ਮੁਜ਼ਾਹਰਿਆਂ ਦਾ ਪ੍ਰਗਟਾ ਹੁੰਦਾ ਰਿਹਾ ਹੈ। ਸਰਕਾਰ ਨੇ ਇਨ੍ਹਾਂ ਵਾਰਦਾਤਾਂ ਦਾ ਨੋਟਿਸ ਲੈਣ ਲਈ ਕੰਨਾਂ ਵਿਚ ਰੂੰ ਦਈ ਰੱਖਿਆ ਹੈ।

ਸਾਊਥਹਾਲ ਵਿਚ 1976 ਵਿਚ ਗੁਰਦੀਪ ਚੱਗਰ ਦੇ ਕਤਲ ਬਾਅਦ ਨਸਲੀ ਹਮਲੇ ਤੇਜ਼ ਹੋਏ ਪਰ ਸਰਕਾਰ ਨਸਲਵਾਦੀਆਂ ਦੀ ਘਨਾਉਣੀਆਂ ਸਾਜ਼ਿਸ਼ਾਂ ਨੂੰ ਨਜ਼ਰ ਅੰਦਾਜ਼ ਕਰਦੀ ਰਹੀ ਤੇ ਪੁਲਸ ਹਮਲਿਆਂ ਪਿਛੇ 'ਨਸਲੀ ਮੰਤਵ' ਨਾ ਹੋਣ ਦੀ ਪੁਜ਼ੀਸ਼ਨ ਲੈਂਦੀ ਰਹੀ ਹੈ।

ਹੋਮ ਆਫਿਸ ਨੇ 1981 ਵਿਚ ਪਹਿਲੀ ਵਾਰ ਮੰਨਿਆ ਸੀ ਕਿ ਕਾਲੇ ਲੋਕਾਂ ਤੇ ਇਕ ਵਰ੍ਹੇ ਵਿਚ ਔਸਤਨ 7000 'ਨਸਲੀ ਹਮਲੇ' ਹੋਏ। ਇਸ ਵਰ੍ਹੇ ਜੂਨ ਮਹੀਨੇ 'ਰਨੀਮੀਡ ਟਰਸਟ' ਦੇ 'ਨਸਲੀ ਹਮਲੇ ਤੇ ਕਸ਼ਟਾਂ' ਦੇ ਸਬੰਧ ਵਿਚ ਰੀਪੋਰਟ ਛਾਪੀ ਹੈ। ਰੀਪੋਰਟ ਅਨੁਸਾਰ ਨਸਲੀ ਹਮਲਿਆਂ ਦੀ ਗਿਣਤੀ ਇਕ ਵਰ੍ਹੇ ਵਿਚ ਹੀ 70,000 ਤੱਕ ਪਹੁੰਚ ਗਈ ਹੈ। ਪਿਛਲੇ ਪੰਦਰਾਂ ਵਰ੍ਹਿਆਂ ਵਿਚ ਨਸਲਪ੍ਰਸਤਾਂ ਨੇ 62 ਕਾਲੇ ਬੰਦਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਇਸ ਵਰ੍ਹੇ ਜੁਲਾਈ ਮਹੀਨੇ ਇਲਫੋਰਡ (ਲੰਡਨ) ਵਿਖੇ ਮਿਸਿਜ਼ ਸ਼ਮੀਰਾ ਕਾਸਮ ਤੇ ਉਸ ਦੇ ਤਿੰਨ ਮੁੰਡੇ ਨਸਲਪ੍ਰਸਤਾਂ ਦੇ ਘਰ ਨੂੰ ਅੱਗ ਲਾਉਣ ਨਾਲ ਮਾਰੇ ਗਏ ਸਨ। ਜੂਨ ਮਹੀਨੇ ਵੁਲਵਰਹੈਂਪਟਨ ਬਲਬੀਰ ਚੰਦ ਨਾਮੀ ਦੇ ਇਕ ਚਿੱਟੇ ਨੌਜਵਾਨ ਵਲੋਂ ਮੱਛੀ ਦੀ ਦੁਕਾਨ ਦੇ ਬਾਹਰ ਚਾਕੂ ਮਾਰਨ ਨਾਲ ਮੌਤ ਹੋਣ ਦੀ ਖਬਰ ਮਿਲੀ ਹੈ (ਨੀਊਲਾਈਫ 6.6.86 ਅਨੁਸਾਰ) ਲੂਟਨ ਵਿਖੇ ਇਕ ਏਸ਼ੀਅਨ ਪ੍ਰਵਾਰ ਦੇ ਸੌਣ ਦੇ ਕਮਰੇ ਵਿਚ ਪੈਟਰੋਲ ਬੰਬ ਸੁਟਿਆ ਗਿਆ ਸੀ। ਇਹ ਖਬਰ 28.5.86 ਟੈਲੀਗਰਾਫ ਵਿਚ ਛਪੀ ਸੀ। ਟਾਵਰ ਹੈਮਲਿਟ ਵਿਖੇ ਬਾਰਾਂ ਚਿੱਟੇ ਨੌਜਵਾਨਾਂ ਲੋਹੇ ਦੇ ਸਰੀਏ ਅਤੇ ਲਾਠੀਆਂ ਨਾਲ ਵਾਰਿਸ ਅਲੀ ਤੇ ਹਮਲਾ ਕੀਤਾ ਜਦੋਂ ਉਹ ਮਸਜਿਦ ਤੋਂ ਆਪਣੇ ਤਿੰਨ ਮੁੰਡਿਆਂ ਸਮੇਤ ਮੁੜ ਰਿਹਾ ਸੀ। ਮਿਸਟਰ ਅਲੀ ਦੇ ਬਹੁਤ ਸੱਟਾਂ ਲੱਗੀਆਂ ਤੇ ਕਈ ਥਾਵਾਂ ਤੋਂ ਇਕ ਲੱਤ ਟੁੱਟੀ ਸੀ। ਉਸ ਦੇ ਮੁੰਡਿਆਂ ਦੇ ਵੀ ਸੱਟਾਂ ਲੱਗੀਆਂ। ਪੁਲਸ ਨੇ ਮਿਸਟਰ ਅਲੀ ਦੇ ਤਿੰਨੋ ਮੁੰਡੇ ਗ੍ਰਿਫਤਾਰ ਕੀਤੇ। ਬਾਦ ਵਿਚ ਇਕ ਨੂੰ ਵੈਨ ਵਿਚੋਂ ਧੱਕਾ ਦੇ ਕੇ ਬਾਹਰ ਸੁੱਟ ਦਿਤਾ। ਦੂਜੇ ਦੋਨਾਂ ਨੂੰ ਚਾਰਜ ਕਰ ਲਿਆ। ਬੰਗਲਾ ਦੇਸ਼ੀ ਨੌਜਵਾਨ ਜਥੇਬੰਦੀ ਦਾ ਕਹਿਣਾ ਸੀ ਕਿ ਹਮਲਾ ਕਰਨੇ ਵਿਚ ਚਿੱਟੇ ਨਸਲਪ੍ਰਸਤ ਇਕ ਗਰੋਹ ਵਜੋਂ ਇਲਾਕੇ ਵਿਚ ਜਾਣੇ ਜਾਂਦੇ ਹਨ। ਉਨ੍ਹਾਂ ਬਾਰਾਂ ਚਿੱਟੇ ਨੌਜਵਾਨਾਂ ਵਿਚੋਂ ਦੋ ਨੌਜਵਾਨਾਂ ਨੂੰ ਬੜੀ ਦੇਰ ਬਾਦ ਗ੍ਰਿਫਤਾਰ ਕੀਤਾ। ਇਹ ਖਬਰ 28.5.86 ਦੇ ਗਾਰਡੀਅਨ ਅਖਬਾਰ ਵਿਚ ਛਪੀ ਸੀ। ਇਸੇ ਤਰੀਕ ਦੇ ਗਾਰਡੀਅਨ ਵਿਚ ਇਕ ਹੋਰ ਖਬਰ ਸੀ ਕਿ ਚਾਰ ਆਦਮੀਆਂ ਨੇ ਮਖੌਟਾ ਪਾ ਕੇ 14 ਸਾਲਾ ਏਸ਼ੀਅਨ ਮੁੰਡੇ ਦੇ ਘਰ ਕਰੋਈਡਨ ਵਿਖੇ ਹਮਲਾ ਕੀਤਾ। ਉਸਦੇ ਮੂੰਹ ਤੇ ਮੁੱਕੇ ਮਾਰੇ ਤੇ ਮੂੰਹ ਨੂੰ ਚਾਕੂ ਨਾਲ ਛਿੱਲਿਆ। ਚਾਕੂ ਨਾਲ ਢਿਡ ਛਿਲਣ ਦੀਆਂ ਖਬਰਾਂ ਪਹਿਲਾਂ ਵੀ ਅਖਬਾਰਾਂ ਵਿਚ ਛਪ ਚੁਕੀਆਂ ਹਨ।

ਸਕੂਲਾਂ ਦੀਆਂ ਗਰਾਊਂਡਾਂ ਵਿਚ ਤੇ ਸਕੂਲਾਂ ਤੋਂ ਘਰ ਜਾਣ ਸਮੇਂ ਕਾਲੇ ਰੰਗ ਦੇ ਵਿਦਿਆਰਥੀਆਂ ਤੇ ਬਰਤਾਨੀਆਂ ਦੇ ਵੱਖ ਵੱਖ ਹਿਸਿਆਂ ਵਿਚ ਹਮਲੇ ਹੋਣ ਦੀਆਂ ਘਟਨਾਵਾਂ ਪ੍ਰੈਸ ਵਿਚ ਛਪ ਰਹੀਆਂ ਹਨ। ਕੌਂਸਲ ਦੇ ਘਰਾਂ ਵਿਚ ਰਹਿੰਦੇ ਕਾਲੇ ਲੋਕਾਂ ਨੂੰ ਨਸਲਪ੍ਰਸਤ ਲਗਾਤਾਰ ਤੰਗ ਕਰ ਰਹੇ ਹਨ। ਇਸ ਸਬੰਧੀ ਲੰਡਨ ਵਿਚ ਕਈ ਥਾਵਾਂ ਤੇ ਲੋਕਾਂ ਨੇ ਰੋਸ ਦਾ ਪ੍ਰਗਟਾ ਕੀਤਾ ਹੈ।

ਜੁਲਾਈ ਮਹੀਨੇ ਹਾਊਸ ਆਫ ਕਾਮਨਜ ਦੀ 'ਹੋਮ ਅਫੇਅਰਜ਼ ਕਮੇਟੀ' ਨੇ ਨਸਲੀ ਹਮਲਿਆਂ ਤੇ ਕਸ਼ਟਾਂ ਵਾਰੇ ਰੀਪੋਰਟ ਪ੍ਰਕਾਸ਼ਤ ਕੀਤੀ ਹੈ। ਇਸ ਕਮੇਟੀ ਨੇ ਇੰਗਲੈਂਡ ਤੇ ਸਕਾਟਲੈਂਡ ਵਿਚ ਵਾਪਰੀਆਂ ਨਸਲੀ ਹਮਲਿਆਂ ਦੀ ਵਾਰਦਾਤਾਂ ਨੂੰ ਇਕੱਤਰ ਕੀਤਾ ਹੈ। ਸਰਕਾਰ ਦੇ ਵੱਖ ਵੱਖ ਮਹਿਕਮਿਆਂ ਕੋਲੋਂ ਵੀ ਇਸ ਸਥਿਤੀ ਸੰਬੰਧੀ ਸਬੂਤ ਹਾਸਲ ਕੀਤੇ ਹਨ।

ਮੇਟਰੋਪੋਲੀਟਨ ਪੁਲੀਸ ਏਰੀਏ ਵਿਚ 1985 ਵਿਚ 1877 ਵਾਰਦਾਤਾਂ ਹੋਈਆਂ। ਇਹ ਉਹ ਵਾਰਦਾਤਾਂ ਹਨ ਜਿੰਨ੍ਹਾਂ ਦੀਆਂ ਸ਼ਕਾਇਤਾਂ ਪੁਲਸ ਕੋਲ ਦਰਜ ਕਰਵਾਈਆਂ ਗਈਆਂ। ਕਾਲੇ ਲੋਕਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਬਹੁ ਗਿਣਤੀ ਵਿਚ ਲੋਕ ਪੁਲਸ ਕੋਲ ਰੀਪੋਰਟ ਦਰਜ ਨਹੀਂ ਕਰਵਾਉਂਦੇ ਕਿਉਂਕਿ ਪੁਲਸ ਵਾਰਦਾਤਾਂ ਨਾਲ ਸੰਬੰਧਤ 'ਨਸਲੀ ਮੰਤਵ' ਨੂੰ ਮੰਨਣ ਤੋਂ ਬਹੁਤ ਵਾਰ ਇਨਕਾਰ ਕਰਦੀ ਹੈ। ਅਜਿਹੀਆਂ ਸ਼ਕਾਇਤਾਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੀ ਹੈ। ਕਈ ਵਾਰ ਘਟਨਾ ਦੇ ਸ਼ਿਕਾਰ ਹੋਣ ਵਾਲਿਆਂ ਨੂੰ ਨਸਲੀ ਹਮਲਾਆਵਰਾਂ ਵਿਰੁਧ ਪਰਾਈਵੇਟ ਕੇਸ ਕਰਨ ਦੀ ਨਸੀਹਤ ਦਿਤੀ ਜਾਂਦੀ ਹੈ। ਇਸ ਰੀਪੋਰਟ ਨੇ ਪੁਲੀਸ ਵਿਰੁਧ ਇਸ ਪੱਖ ਨੂੰ ਉਜਾਗਰ ਕੀਤਾ ਹੈ ਕਿ ਨਸਲੀ ਹਮਲਿਆਂ ਨਾਲ ਸਬੰਧਤ ਦੋਸ਼ੀਆਂ ਨੂੰ ਫੜਨ ਵਿਚ ਪੁਲਸ ਕੁਤਾਹੀ ਵਖਾਉਂਦੀ ਹੈ ਇਹ ਵੀ ਇਕ ਬਹੁਤ ਵੱਡਾ ਪੱਖ ਹੈ ਕਿ ਨਸਲੀ ਹਿੰਸਾ ਤੇ ਦਹਿਸ਼ਤਗਰਦੀ ਫੈਲਾਉਣ ਵਾਲਿਆਂ ਦੇ ਹੌਂਸਲੇ ਬੁਲੰਦ ਹੋ ਰਹੇ ਹਨ।

ਇਸ ਰੀਪੋਰਟ ਰਾਹੀਂ ਇਹ ਗੱਲ ਵੀ ਉਘੜ ਕੇ ਸਾਹਮਣੇ ਆਈ ਹੈ ਕਿ ਹੁਣ ਤੱਕ 70 ਪ੍ਰਤੀਸ਼ਤ ਨਸਲੀ ਹਮਲੇ ਏਸ਼ੀਅਨ ਲੋਕਾਂ ਤੇ ਹੋਏ ਹਨ। ਲੰਡਨ ਵਿਚ ਟਾਵਾਲਹੇਮਲਟ ਤੇ ਨੀਊਹਾਮ ਵਿਚ ਮਾਨਚੇਸਟਰ, ਬਰੈਡਫੋਰਡ, ਸਕਾਟਲੈਂਡ, ਬ੍ਰਮਿੰਘਮ ਆਦਿ ਇਲਾਕਿਆਂ ਵਿਚ ਹਮਲਿਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਇਸ ਕਮੇਟੀ ਨੇ ਪੁਲਸ ਵਿਭਾਗ ਤੇ ਸਥਾਨਕ ਸਰਕਾਰ ਦੇ ਮਹਿਕਮਿਆਂ ਨੂੰ ਲੋੜੀਂਦੇ ਕਦਮ ਚੁਕਣ ਦੀਆਂ ਸਿਫਾਰਸ਼ਾਂ ਕੀਤੀਆਂ ਹਨ ਜਿਵੇਂ ਕਿ ;

- ਪੁਲੀਸ ਵਿਭਾਗ ਨੂੰ ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਆਪਣੇ ਕੰਮ ਵਿਚ ਮੁੱਖ ਕਾਰਜ ਵਜੋਂ ਲੈਣਾ ਚਾਹੀਦਾ ਹੈ।
- ਨਸਲੀ ਘਟਨਾਵਾਂ ਸਬੰਧੀ ਪੁਲੀਸ ਅਫਸਰਾਂ ਨੂੰ ਵਿਸ਼ੇਸ਼ ਟਰੇਨਿੰਗ ਦੇਣੀ ਚਾਹੀਦੀ ਹੈ। ਪੁਲੀਸ ਟਰੇਨਿੰਗ ਦੇ ਮੁਖ ਕੋਰਸ ਵਿਚ ਇਨ੍ਹਾਂ ਘਟਨਾਵਾਂ ਸਬੰਧੀ ਪੜ੍ਹਾਈ ਸ਼ਾਮਲ ਕਰਨੀ ਚਾਹੀਦੀ ਹੈ।
- ਪੁਲੀਸ ਫੋਰਸ ਵਿਚ ਨਸਲੀ ਹਮਲਿਆਂ ਤੇ ਨਸਲੀ ਤੰਗੀਆਂ ਜਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਵਿਸ਼ੇਸ਼ ਅਫਸਰ ਨਿਯੁਕਤ ਹੋਣੇ ਚਾਹੀਦੇ ਹਨ ਉਨ੍ਹਾਂ ਨੂੰ ਪੂਰੀ ਟਰੇਨਿੰਗ ਮਿਲਣੀ ਚਾਹੀਦੀ ਹੈ। ਉਨ੍ਹਾਂ ਨੂੰ ਘਟਨਾਵਾਂ ਦਾ ਰੀਕਾਰਡ ਰਖਣ ਤੇ ਘਟਨਾਵਾਂ ਵਾਰੇ ਰੀਪੋਰਟ ਪੇਸ਼ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

(ਬਾਕੀ ਪੰਨਾ 5 ਉਤੇ)

**Immigration and Citizenship Matters**
**JAMES SUE & COMPANY**

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
**BABU JIM NARAIN** of James, Sue & Company who was 18 years of experience on Immigration and Citizenship matters with top Immigration Lawyers.

**ਸਪੈਸ਼ਲ ਅਨਾਊਂਸਮੈਂਟ**
ਨਵੀਂ ਇੰਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇੰਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

**Evening Office :**
433-4685

#210 - 535 W. 10th Ave. Vancouver, B.C. **Tel: Off. 873-9441**

ਪੰਨਾ 4 ਦੀ ਬਾਕੀ

- ਪੁਲਸ ਫੋਰਸ ਨੂੰ ਘਟਨਾ ਦਾ ਸ਼ਿਕਾਰ ਹੋਏ ਲੋਕਾਂ ਨਾਲ ਲਗਾਤਾਰ ਸੰਪਰਕ ਤੇ ਪੁਲੀਸ ਐਕਸ਼ਨਾਂ ਵਾਰੇ ਜਾਣੂੰ ਰਖਣਾ ਚਾਹੀਦਾ।
- ਪੁਲੀਸ ਦੇ ਮੁਖ ਅਫਸਰਾਂ ਵਲੋਂ ਨਸਲੀ ਘਟਨਾਵਾਂ ਨੂੰ ਨਜਿਠਣ ਲਈ ਨਵੇਂ ਤਰੀਕੇ ਲੱਭਣੇ ਚਾਹੀਦੇ ਹਨ। ਉਨ੍ਹਾਂ ਨਵੇਂ ਤਰੀਕਿਆਂ ਵਾਰੇ ਲੋਕਾਂ ਨੂੰ ਸੂਚਿਤ ਵੀ ਕਰਨਾ ਚਾਹੀਦਾ ਹੈ। ਮਿਸਾਲ ਵਜੋਂ ਸਟੈਂਡਿੰਗ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਕਾਲੇ ਲੋਕਾਂ ਦੀਆਂ ਜਥੇਬੰਦੀਆਂ ਦੇ ਲੋਕ ਵੀ ਹਿਸਾ ਪਾ ਸਕਣ।
- ਜਿਨ੍ਹਾਂ ਇਲਾਕਿਆਂ ਵਿਚ ਦੁਭਾਸ਼ੀਆਂ ਦੀ ਲੋੜ ਹੋਵੇ ਉਥੇ ਦੁਭਾਸ਼ੀਆਂ ਦਾ ਪ੍ਰਬੰਧ ਫੋਰੀ ਸਰਵਿਸ ਵਜੋਂ ਹੋਂਦ ਵਿਚ ਲਿਆਉਣਾ ਚਾਹੀਦਾ ਹੈ।
- ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਖੋਜ ਤੇ ਨਿਸ਼ਾਨ ਪੂਰਬਕ ਪਹੁੰਚ ਅਪਨਾ ਕੇ ਸਧਾਰਨ ਵਰਦੀਆਂ ਵਾਲੇ ਪੁਲੀਸ ਅਫਸਰ ਮੁਹਈਆ ਕਰਨੇ ਚਾਹੀਦੇ ਹਨ।
- ਲੋੜੀਂਦੇ ਸਬੂਤ ਮਿਲਣ ਤੇ ਨਸਲੀ ਹਮਲੇ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਦੇ ਤਰੀਕੇ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ।
- ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਬਹੁ ਏਜੰਸੀ ਪਹੁੰਚ ਅਪਨਾਉਣੀ ਚਾਹੀਦੀ ਹੈ।
- ਸਥਾਨਕ ਸਰਕਾਰਾਂ ਨੂੰ ਕਾਲੇ ਕਿਰਾਏਦਾਰਾਂ ਤੇ ਨਸਲੀ ਹਮਲੇ ਤੇ ਕਸ਼ਟਾਂ ਨੂੰ ਨਜਿਠਣ ਲਈ ਵਿਸ਼ੇਸ਼ ਅਫਸਰ ਨਿਯੁਕਤ ਕਰਨੇ ਚਾਹੀਦੇ ਹਨ। ਨਸਲਪ੍ਰਸਤਾਂ ਨੂੰ ਘਰ ਚੋਂ ਬੇਦਖਲ ਕਰਨ ਲਈ ਕਾਨੂੰਨੀ ਪਹੁੰਚ ਸਖਤੀ ਨਾਲ ਅਪਨਾਉਣੀ ਚਾਹੀਦੀ ਹੈ।
- ਸੋਸ਼ਲ ਸਰਵਿਸਜ਼ ਮਹਿਕਮੇ ਦੇ ਅਫਸਰਾਂ ਨੂੰ ਵੀ ਅਜਿਹੀਆਂ ਘਟਨਾਵਾਂ ਨਾਲ ਨਿਪਟਣ ਲਈ ਟਰੇਨਿੰਗ ਦੇਣੀ ਚਾਹੀਦੀ ਹੈ।
- ਸਥਾਨਕ ਸਰਕਾਰਾਂ ਨੂੰ ਸਕੂਲਾਂ ਵਿਚ ਨਸਲੀ ਘਟਨਾਵਾਂ ਵਾਰੇ ਗਾਈਡ ਲਾਈਨਾਂ ਤਿਆਰ ਕਰਨੀਆਂ ਚਾਹੀਦੀਆਂ ਹਨ।
- ਹੋਮ ਆਫਿਸ ਨੂੰ ਇਸ ਵਿਸ਼ੇ ਤੇ ਸਲਾਹ ਮਸ਼ਵਰੇ ਤੇ ਖੋਜਮਈ ਪਹੁੰਚ ਅਪਨਾਕੇ ਕਾਲੇ ਲੋਕਾਂ ਦਾ ਭਰੋਸਾ ਜਿਤਣਾ ਚਾਹੀਦਾ ਹੈ।

ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਆਰਥਕ ਵਸੀਲੇ ਪ੍ਰਦਾਨ ਕਰਨ ਲਈ ਸਰਕਾਰ ਨੂੰ ਪਹਿਲ ਕਦਮੀ ਤੇ ਬਚਨਬੱਧਤਾ ਵਿਖਾਉਣੀ ਚਾਹੀਦੀ ਹੈ। ਪਿਛਲੇ ਦਿਨੀਂ ਡਰਗਜ਼ ਦੀ ਸਮਸਿਆ ਨਾਲ ਨਿਪਟਣ ਲਈ ਥੈਚਰ ਨੇ ਝਟਪਟ ਐਲਾਨ ਕਰ ਦਿਤਾ ਸੀ ਕਿ ਡਰਗਜ਼ ਦੇ ਧੰਦੇ ਵਾਲਿਆਂ ਨੂੰ ਸਖਤੀ ਨਾਲ ਕੁਚਲਿਆ ਜਾਵੇਗਾ। ਥੈਚਰ ਸਰਕਾਰ ਨਸਲਵਾਦ ਦੀਆਂ ਉਨ੍ਹਾਂ ਜੜ੍ਹਾਂ ਤੇ ਹਮਲਾ ਕਰਨ ਲਈ ਜਾਂ ਸਖਤੀ ਨਾਲ ਨਿਪਟਣ ਲਈ ਤਿਆਰ ਨਹੀਂ। ਜਿਹੜਾ ਕਿ ਨਸਲੀ ਹਮਲਿਆਂ ਨੂੰ ਜਨਮ ਦੇਂਦਾ ਹੈ। ਸਰਕਾਰ ਨੂੰ ਨਸਲਵਾਦ ਦਾ ਟਾਕਰਾ ਕਰਨ ਲਈ ਲੋਕ ਰਾਏ ਲਾਮਬੰਦ ਕਰਨੀ ਚਾਹੀਦੀ ਹੈ। ਉਹ ਤਦ ਹੀ ਹੋ ਸਕਦੀ ਹੈ ਜੇ ਸਰਕਾਰ ਸੰਜੀਦਗੀ ਨਾਲ ਇਸ ਬੀਮਾਰੀ ਤੇ ਕਾਬੂ ਪਾਉਣ ਲਈ ਬਚਨਬੱਧ ਹੋਵੇ।

# ਭਾਰਤ ਵਿਚ ਪਹਿਲਾ ਟੈਸਟ ਟਿਊਬ ਬੱਚੇ ਦਾ ਜਨਮ

ਬੰਬਈ — ਭਾਰਤ ਜਿਥੇ ਪਹਿਲਾਂ ਹੀ ਉਚੀ ਜਨਮ ਦਰ ਹੈ ਤੇ ਜਿਸਨੂੰ ਘਟਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਭਾਰਤੀ ਡਾਕਟਰਾਂ ਨੇ ਨਵੀਆਂ ਪ੍ਰਾਪਤੀਆਂ ਕੀਤੀਆਂ ਭਾਰਤੀ ਡਾਕਟਰਾਂ ਨੇ ਬੰਬਈ ਦੇ ਲਸ਼ਮਣ ਚਾਵੜਾ ਦੀ ਪਤਨੀ ਨੂੰ ਗੈਰ ਕੁਦਰਤੀ ਢੰਗ ਨਾਲ ਗਰਭ ਧਾਰਨ ਕਰਾਇਆ ਕਿਉਂਕਿ ਸ੍ਰੀ ਚਾਵੜਾ ਦੀ ਪਤਨੀ ਡਾਕਟਰੀ ਕਾਰਨਾਂ ਕਰਕੇ ਕੁਦਰਤੀ ਗਰਭਵਤੀ ਨਹੀਂ ਸੀ ਹੋ ਸਕਦੀ ਸੋ ਡਾਕਟਰਾਂ ਦੀ ਇਹ ਕੋਸ਼ਿਸ਼ ਪੂਰੀ ਤਰ੍ਹਾਂ ਸਫਲ ਰਹੀ। ਇਸ ਨਵੇਂ ਜੰਮੇ ਬੱਚੇ ਦਾ ਭਾਰ ਛੇ ਪੌਂਡ ਹੈ ਬੱਚਾ ਤੇ ਉਸਦੀ ਮਾਂ ਸ਼ਾਮਜੀ ਚਾਵੜਾ ਬਿਲਕੁਲ ਤੰਦਰੁਸਤ ਹਨ।

ਡਾ: ਇੰਦਰ ਹਿੰਡੂਜਾ ਦੇ ਕਹਿਣ ਅਨੁਸਾਰ ਕਿ ਇਸ ਟੈਸਟ ਟਿਊਬ ਦਾ ਜਨਮ ਨਿਰੋਲ ਭਾਰਤੀ ਪਰਯੋਗ ਦਾ ਸਿੱਟਾ ਹੈ ਇਹ ਬੱਚਾ ਭਾਰਤ ਦਾ ਪਹਿਲਾ ਟੈਸਟ ਟਿਊਬ ਬੱਚਾ ਕਹਿਲਾਏਗਾ।

---

ਲੋਕ ਜਾਣਦੇ ਹਨ ਕਿ 1979 ਦੀਆਂ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਨਸਲਪ੍ਰਸਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਆਪਣੀ ਸਪੀਚ ਵਿਚ ਕਿਹਾ ਸੀ ਕਿ "ਬਰਤਾਨੀਆਂ ਦਾ ਸਭਿਆਚਾਰ ਬਦੇਸ਼ੀ ਸਭਿਆਚਾਰ ਦੇ ਦਲਦਲ ਜਾਂ ਚਿਕੜ ਵਿਚ ਫਸ ਗਿਆ ਹੈ" ਨਸਲਵਾਦੀ ਇਮੀਗਰੇਸ਼ਨ ਤੇ ਨੈਸ਼ਨੈਲਿਟੀ ਕਾਨੂੰਨ ਨੂੰ ਹੋਂਦ ਵਿਚ ਲਿਆਉਣ ਵਾਲੀ ਸਰਕਾਰ ਤੇ ਪੂਰਾ ਦਬਾ ਪਾਏ ਬਿਨਾਂ ਹੋਮ ਅਫੇਅਰਜ਼ ਕਮੇਟੀ ਦੀ ਸਿਫਾਰਸ਼ਾਂ ਲਾਕਗ਼ ਨਹੀਂ ਹੋ ਸਕਣਗੀਆਂ। ਬਰਤਾਨੀਆ ਦੀਆਂ ਸੰਸਥਾਵਾਂ ਵਿਚ ਪਾਏ ਜਾਂਦੇ ਨਸਲਵਾਦ ਦੀ ਅਲੋਚਨਾ ਪਿਛਲੇ ਵਰ੍ਹਿਆਂ ਤੋਂ ਲਗਾਤਾਰ ਹੁੰਦੀ ਆ ਰਹੀ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਬਰਤਾਨੀਆ ਵਿਚ ਅਤਿਵਾਦੀਆਂ ਵਲੋਂ ਅਗਾਂਹਵਧੂ ਜਥੇਬੰਦੀਆਂ ਦੇ ਆਗੂਆਂ ਤੇ ਸਰਗਰਮ ਵਰਕਰਾਂ ਤੇ ਸਰੀਰਕ ਹਮਲਿਆਂ ਦੀਆਂ ਵਾਰਦਾਤਾਂ ਦੀ ਪ੍ਰੈਸ ਵਿਚ ਚਰਚਾ ਹੁੰਦੀ ਰਹੀ ਹੈ। ਨਸਲਪ੍ਰਸਤਾਂ ਵਲੋਂ ਕੀਤੇ ਜਾਂਦੇ ਹਮਲਿਆਂ ਸਬੰਧੀ ਪੁਲੀਸ 'ਕਾਲੇ ਲੋਕਾਂ ਦੇ ਆਪਸੀ ਝਗੜਿਆਂ' ਦਾ ਬਹਾਨਾ ਲਾ ਕੇ ਨਸਲੀ ਮੰਤਵ ਨੂੰ ਟਾਲਣ ਦੀਆਂ ਮਿਸਾਲਾਂ ਸਾਹਮਣੇ -----

ਅਸੀਂ ਸਮਝਦੇ ਹਾਂ ਕਿ ਚਿੱਟੇ ਫਾਸ਼ਿਸ਼ਟਾਂ ਤੇ ਕਾਲੇ ਰੰਗ ਦੇ ਵੱਖਵਾਦੀ ਫਾਸ਼ਿਸ਼ਟਾਂ ਵਿਚਕਾਰ ਵੀ ਪੁਲਸ ਵਿਭਾਗਾਂ, ਸਰਕਾਰ, ਲੇਬਰ ਪਾਰਟੀ ਤੇ ਟਰੇਡ ਯੂਨੀਅਨ ਮੂਵ ਮੈਂਟ ਨੂੰ ਨਿਖੇੜਾ ਕਰਨਾ ਚਾਹੀਦਾ ਹੈ। ਲੇਬਰ ਪਾਰਟੀ ਦੇ ਕੰਟਰੋਲ ਵਿਚ ਚਲਦੀਆਂ ਸਥਾਨਕ ਸਰਕਾਰਾਂ ਨੇ ਕਈ ਥਾਵੀਂ ਵਖਵਾਦੀਆਂ ਨੂੰ ਗਰਾਂਟਾਂ ਦੇ ਕੇ ਸਰਗਰਮੀਆਂ ਕਰਨ ਦੇ ਮੌਕੇ ਦਿਤੇ ਹਨ। ਉਹ ਇਹ ਸਮਝਣ ਤੋਂ ਅਸਮਰਥ ਹਨ ਕਿ ਜੇ ਹਿੰਦੂ ਸਿਖ ਏਕਤਾ ਟੁਟੇਗੀ ਤਾਂ ਕਾਲੇ ਲੋਕਾਂ ਦਾ ਏਕਾ ਟੁਟਦਾ ਹੈ ਤੇ ਨਸਲਵਾਦ ਵਿਰੁਧ ਉਸਰਨ ਵਾਲਾ ਮੁਹਾਜ ਕਮਜ਼ੋਰ ਹੁੰਦਾ ਹੈ। ਡਰ ਤੇ ਭੈਅ ਦੀ ਰੌਅ ਵਿਚ ਵਾਧਾ ਹੁੰਦਾ ਹੈ। ਨਸਲੀ ਹਮਲਿਆਂ ਨੂੰ ਪਿਛਾੜਨ ਲਈ ਤੇ ਚੰਗੇ ਨਸਲੀ ਸਬੰਧ ਪੈਦਾ ਕਰਨ ਲਈ ਕਾਲੇ ਲੋਕਾਂ ਦੇ ਦੁਸ਼ਮਣਾਂ ਨੂੰ ਪਿਛਾੜੋ। ਵਖਵਾਦ, ਬੇਰੁਜ਼ਗਾਰੀ, ਗਰੀਬੀ ਤੇ ਨਸਲਵਾਦ ਵਿਰੁਧ ਘੋਲ ਲਈ ਮਜ਼ਦੂਰ ਸਭਾ ਤੇ "ਕਾਰਲ"* ਦੇ ਸੰਘਰਸ਼ਾਂ ਵਿਚ ਹਿਸਾ ਪਾਉਣ ਨਾਲ ਹੀ ਨਸਲੀ ਹਮਲਿਆਂ ਤੇ ਕਾਬੂ ਪਾਇਆ ਜਾ ਸਕੇਗਾ।

* ਕਾਰਲ (Campaign Against Racist Laws)

# ਅਤਿਵਾਦੀਆਂ ਵਿਰੁੱਧ ਮੁਹਿੰਮ ਵਿਚ ਬਰਨਾਲਾ ਸਰਕਾਰ ਦਾ ਪੂਰਾ ਸਹਿਯੋਗ ਰਿਹਾ — ਰਿਬੇਰੋ

ਜਲੰਧਰ — ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੇ ਇਸ ਕਿਸਮ ਦੇ ਦੋਸ਼ਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ ਕਿ ਦਹਿਸ਼ਤਗਰਦਾਂ ਦਾ ਸਫਾਇਆ ਕਰਨ ਸਬੰਧੀ ਪੁਲੀਸ ਦੀ ਮੁਹਿੰਮ ਵਿਚ ਅਕਾਲੀ ਵਜ਼ੀਰਾਂ ਵਲੋਂ ਕੋਈ ਰੁਕਾਵਟ ਖੜ੍ਹੀ ਕੀਤੀ ਜਾ ਰਹੀ ਹੈ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆ ਉਨ੍ਹਾਂ ਨੇ ਦੱਸਿਆ ਕਿ ਉਲਟਾ ਇਸ ਮਾਮਲੇ ਵਿਚ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਉਨ੍ਹਾਂ ਨੂੰ ਪੂਰਨ ਸਹਿਯੋਗ ਤੇ ਹੱਲਾਸ਼ੇਰੀ ਪ੍ਰਾਪਤ ਰਹੀ ਹੈ।

ਪੁਲੀਸ ਮੁਖੀ ਨੇ ਦੱਸਿਆ ਕਿ ਪੰਜਾਬ ਦੇ ਸਭ ਤੋਂ ਖਤਰਨਾਕ ਦਹਿਸ਼ਤਪਸੰਦ ਮਨਬੀਰ ਸਿੰਘ ਚਹੇੜੂ ਉਰਫ ਜਨਰਲ ਹਰੀ ਸਿੰਘ ਨੂੰ ਜਲੰਧਰ ਪੁਲੀਸ ਨੇ ਖੁਦ ਗ੍ਰਿਫਤਾਰ ਕੀਤਾ ਹੈ ਅਤੇ ਉਸ ਦੇ ਆਤਮ ਸਮਰਪਣ ਕਰਨ ਦਾ ਕੋਈ ਪ੍ਰਸ਼ਨ ਹੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਨੇ ਹੁਣ ਤਕ ਮਨਬੀਰ ਸਿੰਘ ਦੇ ਗਰੋਹ ਦੇ 38 ਮੈਂਬਰਾਂ ਨੂੰ ਕਾਬੂ ਕਰ ਲਿਆ ਹੈ। ਇਸੇ ਪ੍ਰਕਾਰ ਪੁਲੀਸ ਨੇ ਹੁਣ ਤਕ ਦੂਸਰੀ ਸ਼੍ਰੇਣੀ ਦੇ 115 ਦਹਿਸ਼ਤਪਸੰਦਾਂ ਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਸ੍ਰੀ ਰਿਬੇਰੋ ਨੇ ਇਸ ਗੱਲ ਨੂੰ ਗਲਤ ਦੱਸਿਆ ਕਿ ਪੁਲੀਸ ਵਲੋਂ ਬੇਗੁਨਾਹ ਵਿਅਕਤੀਆਂ ਦਾ ਵੀ ਸਫਾਇਆ ਕੀਤਾ ਜਾ ਰਿਹਾ ਹੈ ਪ੍ਰੰਤੂ ਇਸ ਦੇ ਨਾਲ ਹੀ ਇਕ ਦਮ ਇਹ ਗੱਲ ਸਵੀਕਾਰ ਵੀ ਕੀਤੀ ਕਿ ਆਖਰ ਲੜਾਈ ਵਾਲੀ ਸਥਿਤੀ ਬਣੀ ਹੋਈ ਹੈ ਅਤੇ ਇਹ ਕੋਈ ਵੱਡੀ ਗੱਲ ਨਹੀਂ ਕਿ ਕੁਝ ਨਿਰਦੋਸ਼ ਵਿਅਕਤੀ ਵੀ ਮਾਰੇ ਗਏ ਹੋਣ।" ਇਹ ਪੁਛੇ ਜਾਣ 'ਤੇ ਕਿ ਪਾਕਿਸਤਾਨ ਨਾਲ ਲਗਦੇ ਸਰਹੱਦੀ ਇਲਾਕਿਆਂ ਅੰਦਰ 'ਸੁਰੱਖਿਆ ਬੈਲਟ' ਬਨਾਉਣ ਨਾਲ ਅਤਿਵਾਦੀਆਂ ਨੂੰ ਚੈਕ ਕਰਨ ਦੇ ਸਿਲਸਿਲੇ ਵਿਚ ਕਿੰਨੀ ਕੁ ਮਦਦ ਮਿਲੇਗੀ - ਉਨ੍ਹਾਂ ਨੇ ਜਵਾਬ ਦਿਤਾ ਕਿ ਉਨ੍ਹਾਂ ਨੇ ਇਸ ਸਬੰਧ ਵਿਚ ਆਏ ਆਪਣੇ ਵਿਚਾਰਾਂ ਤੋਂ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਭਲੀਭਾਂਤ ਜਾਣੂ ਕਰਵਾ ਦਿੱਤਾ ਹੈ।


ROKKO SAREES & FABRICS

6201 Fraser Street
VANCOUVER
Tel: 327-3033

ਰੋਕੋ ਸਾੜ੍ਹੀਜ਼ ਹਫਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ




ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਪੰਜਾਬ ਮਸਲਾ ਫੌਜੀ ਜਬਰ ਨਾਲ ਹੱਲ ਨਹੀਂ ਹੋਏਗਾ — ਸ: ਖੇੜਾ

ਭਵਾਨੀਗੜ੍ਹ — ਇਥੇ ਇੰਟਰਨੈਸ਼ਨਲ ਡੈਮੋਕਰੇਟਿਕ ਪਾਰਟੀ ਵਲੋਂ ਪੰਜਾਬ ਮਸਲੇ ਸਬੰਧੀ ਇਕ ਵਿਸ਼ਾਲ ਕਾਨਫਰੰਸ ਕੀਤੀ ਗਈ। ਇਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਮਾਸਟਰ ਖੇੜਾ ਸਿੰਘ ਨੇ ਕਿਹਾ ਕਿ ਪੰਜਾਬ ਮਸਲੇ ਨੂੰ ਉਲਝਾਉਣ ਦੀ ਮੁਖ ਜ਼ਿੰਮੇਵਾਰੀ ਕੇਂਦਰ ਸਰਕਾਰ ਸਿਰ ਆਉਂਦੀ ਹੈ। ਉਹਨਾਂ ਕਾਂਗਰਸ ਪਾਰਟੀ ਨੂੰ ਫਿਰਕੂ ਪਾਰਟੀ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਭਰ ਵਿਚ ਫਿਰਕੂ ਤੇ ਜਾਤੀਵਾਦੀ ਦੰਗਿਆਂ ਦਾ ਕਾਰਨ ਕਾਂਗਰਸ ਦੀਆਂ ਫਿਰਕੂ ਨੀਤੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦਾ ਮਸਲਾ ਫੌਜੀ ਜਬਰ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ। ਪਾਰਟੀ ਦੇ ਪਾਰਲੀਮਾਨੀ ਵਿੰਗ ਦੇ ਸਕੱਤਰ ਸ: ਮੱਘਰ ਸਿੰਘ ਕੁਲਰੀਆ ਨੇ ਮੁਕਤਸਰ ਅਤੇ ਦਿੱਲੀ ਦੰਗਿਆਂ ਦੀਆਂ ਘਟਨਾਵਾਂ ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਰਾਜੀਵ-ਲੌਂਗੋਵਾਲ ਸਮਝੌਤਾ ਛੇਤੀ ਲਾਗੂ ਕੀਤਾ ਜਾਵੇ, ਸਾਰੇ ਸਿਆਸੀ ਕੈਦੀ ਰਿਹਾਅ ਕੀਤੇ ਜਾਣ, ਰੁੱਸੇ ਫੌਜੀ ਬਹਾਲ ਕੀਤੇ ਜਾਣ ਉਹਨਾਂ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਪ੍ਰਵਾਨ ਕਰਨ ਨਾਲ ਹੀ ਸਿੱਖ ਜਥੇਬੰਦੀਆਂ ਨਾਲ ਗੱਲਬਾਤ ਦਾ ਰਾਹ ਖੁਲ੍ਹ ਸਕਦਾ ਹੈ ਅਤੇ ਪੰਜਾਬ ਮਸਲਾ ਹੱਲ ਕੀਤਾ ਜਾ ਸਕਦਾ ਹੈ। ਪਾਰਟੀ ਦੇ ਸੂਬਾ ਕਮੇਟੀ ਦੇ ਮੈਂਬਰ ਸ੍ਰੀ ਸੁਖਦੇਵ 'ਭੂਪਾਲ' ਨੇ ਐਲਾਨ ਕੀਤਾ ਕਿ ਪਾਰਟੀ ਉਪਰੋਕਤ ਮੰਗਾਂ ਮੰਨਵਾਉਣ ਲਈ ਕੇਂਦਰ ਸਰਕਾਰ ਤੇ ਦਬਾਅ ਲਾਮਬੰਦ ਕਰਨ ਲਈ 22 ਅਗਸਤ ਨੂੰ ਚੰਡੀਗੜ੍ਹ ਵਿਚ ਮੁਜ਼ਾਹਰਾ ਕਰ ਰਹੀ ਹੈ।

# ਜਨਤਾ ਪਾਰਟੀ ਦੇ ਨੇਤਾਵਾਂ ਵਲੋਂ ਸੁਰਖਿਆ ਪੱਟੀ ਬਨਾਉਣ ਦਾ ਵਿਰੋਧ

ਫਗਵਾੜਾ — ਸ. ਹਰਭਜਨ ਸਿੰਘ ਸਾਬਕਾ ਪ੍ਰਧਾਨ ਪੰਜਾਬ ਜਨਤਾ ਪਾਰਟੀ ਅਤੇ ਮੌਜੂਦਾ ਜਨਰਲ ਸਕੱਤਰ ਸ੍ਰੀ ਗਿਆਨ ਚੰਦ ਨੇ ਕੇਂਦਰ ਤੇ ਦੋਸ਼ ਲਾਇਆ ਹੈ ਕਿ ਉਹ ਸੁਰਖਿਆ ਪੱਟੀ ਬਨਾਉਣ ਦੇ ਪਰੋਗਰਾਮ ਅਧੀਨ ਪੰਜਾਬ ਦੇ ਹੋਰ ਖੇਤਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਪੰਜਾਬ ਦੇ ਹਾਲਾਤ ਵਿਗਾੜਨਾ ਚਾਹੁੰਦਾ ਹੈ। ਉਹਨਾਂ ਆਖਿਆ ਕਿ ਇਸ ਸਮੇਂ ਜਦ ਹਾਲਾਤ ਸੁਧਰਨ ਵਲ ਹਨ ਤਾਂ ਕੇਂਦਰ ਨੇ ਭੜਕਾਹਟ ਪੈਦਾ ਕਰਨ ਲਈ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਗ੍ਰਿਫਤਾਰੀ ਕੀਤੀ। ਉਹਨਾਂ ਇਸ ਗ੍ਰਿਫਤਾਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਕੌਮੀ ਲੀਡਰ ਹਨ ਅਤੇ ਉਹ ਵਿਰੋਧੀ ਦਲਾਂ ਦੀ ਸਲਾਹ ਲੈਣ ਅਤੇ ਚੰਗੇ ਮੰਤਵ ਨਾਲ ਐਲਾਨ ਕਰਕੇ ਗਏ ਸਨ। ਉਹਨਾਂ ਮੰਗ ਕੀਤੀ ਕਿ ਦਿੱਲੀ ਵਿਚ ਤੇ ਪੰਜਾਬ ਵਿਚ ਘੱਟ ਗਿਣਤੀ ਵਿਚ ਵਿਸ਼ਵਾਸ਼ ਪੈਦਾ ਕੀਤਾ ਜਾਵੇ। ਸ: ਪ੍ਰਕਾਸ਼ ਸਿੰਘ ਬਾਦਲ ਤੇ ਟੌਹੜਾ ਦੀ ਗ੍ਰਿਫਤਾਰੀ ਦੀ ਸਥਾਨਕ ਅਕਾਲੀ ਅਤੇ ਜਨਤਾ ਲੀਡਰਾਂ ਨੇ ਵੀ ਨਿਖੇਧੀ ਕੀਤੀ ਹੈ ਜਿਹਨਾਂ ਵਿਚ ਜਰਨੈਲ ਸਿੰਘ ਸ਼ਾਰਦਾ, ਹਰਭਜਨ ਸਿੰਘ ਮਹੇੜੂ, ਹਰਭਜਨ ਸਿੰਘ ਅਤੇ ਡਾ: ਸਾਧੂ ਰਾਮ ਸ਼ਾਮਲ ਹਨ।

# ਡਾ. ਸ਼ਾਨ ਜਰਮਨ ਕਾਨਫਰੰਸ 'ਚ ਸ਼ਾਮਲ ਹੋਣਗੇ

ਚੰਡੀਗੜ੍ਹ — ਪ੍ਰਸਿੱਧ ਸਿੱਖ ਵਿਦਵਾਨ ਸ. ਹਰਨਾਮ ਸਿੰਘ ਸ਼ਾਨ, ਇੰਟਰਨੈਸ਼ਨਲ ਕਾਂਗਰਸ ਆਫ ਏਸ਼ੀਅਨ ਅਤੇ ਨਾਰਥ ਅਫਰੀਕਨ ਸਟੱਡੀਜ਼ ਦੇ ਹੈਮਬਰਗ ਵਿਚ 25 ਅਗਸਤ ਨੂੰ ਹੋਣ ਵਾਲੇ 32ਵੇਂ ਸਮਾਗਮ ਵਿਚ ਸ਼ਾਮਲ ਹੋਣ ਲਈ ਜਰਮਨੀ ਜਾ ਰਹੇ ਹਨ।

ਉਥੇ ਉਹ ਡਾ. ਆਰਮ ਸਟਰਾਂਗ ਵਲੋਂ ਹਿੰਦੁਸਤਾਨੀ ਤੇ ਸਿੱਖ ਸਾਹਿਤ ਤੇ ਭਾਸ਼ਾਵਾਂ ਬਾਰੇ ਕੀਤੀ ਖੋਜ ਤੇ ਪੇਪਰ ਪੜ੍ਹਨਗੇ। ਇਹ ਕਾਨਫਰੰਸ ਹਰ ਦੋ ਸਾਲ ਪਿਛੋਂ ਹੁੰਦੀ ਹੈ। ਇਸ ਤੋਂ ਪਹਿਲਾਂ ਡਾ. ਸ਼ਾਨ ਆਸਟਰੇਲੀਆਂ, ਅਮਰੀਕਾ ਤੇ ਮੈਕਸੀਕੋ ਵਿਚ ਹੋਏ ਸਮਾਗਮਾਂ ਵਿਚ ਵੀ ਸ਼ਾਮਲ ਹੋ ਚੁਕੇ ਹਨ।

# ਪੰਜਾਬ ਅਤੇ ਧਾਰਾ 249

—ਗਿਆਨੀ ਹਰੀ ਸਿੰਘ—

ਪੰਜਾਬ ਸਮਝੌਤਾ ਲਾਗੂ ਨਾ ਹੋਣ ਕਾਰਨ ਰਾਜ ਦੀ ਅਕਾਲੀ ਸਰਕਾਰ ਤੇ ਕੇਂਦਰ ਵਿਚਲੇ ਮਤਭੇਦ ਕਾਫੀ ਵਧੇ ਹੋਏ ਹਨ। ਹੁਣ ਸੰਵਿਧਾਨ ਦੀ ਧਾਰਾ 249 ਅਧੀਨ ਪੰਜਾਬ ਦੇ ਸਰਹੱਦੀ ਜ਼ਿਲਿਆਂ ਨੂੰ ਸੁਰੱਖਿਆ ਦੇਣ ਦੇ ਬਹਾਨੇ ਕੇਂਦਰੀ ਪ੍ਰਬੰਧ ਵਿਚ ਲੈਣ ਦੀ ਤਜਵੀਜ਼ ਨੇ ਹੋਰ ਵੀ ਟਕਰਾਅ ਦੀ ਸੂਰਤ ਪੈਦਾ ਕਰ ਦਿੱਤੀ ਹੈ। ਅਕਾਲੀ ਮੰਤਰੀ ਮੰਡਲ ਨੇ ਆਪਣੀ ਵਿਸ਼ੇਸ਼ ਬੈਠਕ ਵਿਚ ਇਕ ਮਤੇ ਰਾਹੀਂ ਇਸ ਤਜਵੀਜ਼ ਨੂੰ ਪੂਰੀ ਤਰ੍ਹਾਂ ਰੱਦ ਕਰ ਦਿਤਾ ਹੈ ਅਤੇ ਸਪੱਸ਼ਟ ਤੌਰ 'ਤੇ ਇਹ ਕਿਹਾ ਹੈ ਅਕਾਲੀ ਦਲ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਲਈ ਲੰਮੇ ਸਮੇਂ ਤੋਂ ਘੋਲ ਕਰ ਰਿਹਾ ਹੈ ਤੇ ਉਹ ਰਾਜ ਦੇ ਅੰਦਰੂਨੀ ਮਾਮਲੇ ਵਿਚ ਕੇਂਦਰ ਦਾ ਦਖਲ ਬਰਦਾਸ਼ਤ ਨਹੀਂ ਕਰ ਸਕਦਾ ਪਰ ਹੁਣ ਕੇਂਦਰ ਨੇ ਇਹ ਧਾਰਾ ਲਾਗੂ ਕਰਨ ਲਈ ਰਾਜ ਸਭਾ ਵਿਚ ਮਤਾ ਪਾਸ ਕਰ ਦਿਤਾ ਹੈ। ਵਿਰੋਧੀ ਦਲਾਂ ਅਤੇ ਰਾਜ ਸਰਕਾਰ ਦੇ ਵਿਰੋਧ ਦੇ ਬਾਵਜੂਦ ਮਤਾ ਪਾਸ ਹੋਣ 'ਤੇ ਇਹ ਧਾਰਾ ਇਕ ਸਾਲ ਲਈ ਕਿਸੇ ਵੀ ਰਾਜ ਦੀ ਸਰਹੱਦੀ ਪੱਟੀ 'ਤੇ ਲਾਗੂ ਹੋ ਜਾਵੇਗੀ। ਇਉਂ ਕੇਂਦਰ ਰਾਜਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਲਈ ਸੰਵਿਧਾਨਕ ਤੌਰ 'ਤੇ ਅਧਿਕਾਰਤ ਹੋਵੇਗਾ।

ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਰਾਜ ਸਭਾ ਵਿਚ ਪਾਸ ਹੋਏ ਮਤੇ ਦਾ ਸਖਤ ਵਿਰੋਧ ਕਰਦਿਆਂ ਕਿਹਾ ਹੈ ਕਿ "ਕੇਂਦਰ ਸਰਕਾਰ ਵਲੋਂ ਧਾਰਾ 249 ਹੇਠ ਸਰਹੱਦ ਉਤੇ ਜੋ ਸੁਰੱਖਿਆ ਪੱਟੀ ਬਣਾਈ ਜਾ ਰਹੀ ਹੈ, ਉਸ ਨਾਲ ਸਰਹੱਦੀ ਇਲਾਕਿਆਂ ਵਿਚ ਦੋਹਰੀ ਰਾਜ ਪ੍ਰਣਾਲੀ ਸ਼ੁਰੂ ਹੋ ਜਾਵੇਗੀ ਜਿਸ ਨਾਲ ਕਈ ਨਵੀਆਂ ਉਲਝਣਾਂ ਉਤਪੰਨ ਹੋਣਗੀਆਂ।" ਉਨ੍ਹਾਂ ਕਿਹਾ ਕਿ "ਵਧੇਰੇ ਸੁਰੱਖਿਆ ਦਸਤੇ ਤਾਇਨਾਤ ਕਰਕੇ ਸਰਹੱਦ ਨੂੰ ਸੀਲ ਕੀਤਾ ਜਾ ਸਕਦਾ ਹੈ, ਇਸ ਲਈ ਸੁਰੱਖਿਆ ਪੱਟੀ ਕਾਇਮ ਕਰਨ ਦੀ ਕੋਈ ਲੋੜ ਨਹੀਂ, ਮੈਂ ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਵਿਚਾਰ ਕਰਾਂਗਾ।"

ਜੇ ਕੇਂਦਰ, ਰਾਜ ਸਰਕਾਰ ਦਾ ਸੁਝਾਅ ਰੱਦ ਕਰਕੇ ਇਸ ਧਾਰਾ ਨੂੰ ਲਾਗੂ ਕਰਨ ਲਈ ਦ੍ਰਿੜ ਹੋਇਆ ਤਾਂ ਅਜਿਹੇ ਹਾਲਾਤ ਵੀ ਪੈਦਾ ਹੋ ਸਕਦੇ ਹਨ ਕਿ ਅਕਾਲੀ ਮੰਤਰੀ ਮੰਡਲ ਰੋਸ ਪ੍ਰਗਟ ਕਰਨ ਲਈ ਅਸਤੀਫਾ ਦੇ ਦੇਵੇ ਜਾਂ ਅਸਤੀਫਾ ਦੇਣ ਦੀ ਥਾਂ ਇਸ ਦਾ ਡਟਵਾਂ ਵਿਰੋਧ ਕਰੇ। ਇਉਂ ਇਹ ਵੀ ਹੋ ਸਕਦਾ ਹੈ ਕਿ ਕੇਂਦਰ ਰਾਜ ਸਰਕਾਰ ਨੂੰ ਡਿਸਮਿਸ ਕਰਕੇ ਇਥੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਵੇ। ਕੇਂਦਰ ਦੀ ਇਸ ਕਰੜਾਈ ਨਾਲ ਬਰਨਾਲਾ ਸਰਕਾਰ ਰਾਜਨੀਤਕ ਸ਼ਹੀਦ ਹੋਵੇਗੀ, ਜਿਸ ਦੀ ਕਿ ਸਿਆਸੀ ਹਲਕਿਆਂ ਵਿਚ ਚਰਚਾ ਹੈ। ਅਜਿਹਾ ਹੋਣ 'ਤੇ ਬੋਲੀ ਦੇ ਆਧਾਰ 'ਤੇ ਬਣੇ ਵਰਤਮਾਨ ਪੰਜਾਬੀ ਸੂਬੇ ਦੇ ਇਤਿਹਾਸ ਵਿਚ ਪੰਦਰਾਂ ਵਰ੍ਹਿਆਂ ਵਿਚ ਇਹ ਨੌਵੀਂ ਵਾਰ ਰਾਸ਼ਟਰਪਤੀ ਰਾਜ ਲਾਗੂ ਹੋਵੇਗਾ ਜੋ ਸੁਤੰਤਰ ਭਾਰਤ ਦੇ ਰਾਜਾਂ ਦੀ ਲੋਕਰਾਜੀ ਪ੍ਰਣਾਲੀ ਵਿਚ ਇਕ ਨਵਾਂ ਰਿਕਾਰਡ ਕਾਇਮ ਹੋਵੇਗਾ।

1947 ਤੋਂ ਬਾਅਦ ਸਾਂਝੇ ਪੰਜਾਬ ਵਿਚ ਕੇਵਲ ਦੋ ਵਾਰੀ ਰਾਸ਼ਟਰਪਤੀ ਰਾਜ ਕਾਇਮ ਹੋਇਆ ਸੀ। ਪਹਿਲੀ ਵਾਰੀ ਡਾਕਟਰ ਗੋਪੀ ਚੰਦ ਭਾਰਗੋ ਦੇ ਮੰਤਰੀ ਮੰਡਲ ਨੂੰ ਭੰਗ ਕਰਕੇ 20 ਜੂਨ 1951 ਤੋਂ 17 ਅਪਰੈਲ 1952 ਤੱਕ। ਉਦੋਂ ਸ੍ਰੀ ਸੀ. ਐਮ. ਤ੍ਰਿਵੇਦੀ ਪੰਜਾਬ ਦੇ ਰਾਜਪਾਲ ਸਨ। ਦੂਜੀ ਵਾਰ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਵੰਡਾਰਾ ਕਰਕੇ ਨਵਾਂ ਹਰਿਆਣਾ ਪ੍ਰਾਂਤ ਕਾਇਮ ਕਰਨ ਲਈ 6 ਜੁਲਾਈ 1966 ਤੋਂ ਪਹਿਲੀ ਨਵੰਬਰ 1966 ਤੱਕ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ। ਉਦੋਂ ਰਾਜਪਾਲ ਸ੍ਰੀ ਧਰਮਵੀਰ ਸਨ।

ਵਰਤਮਾਨ ਪੰਜਾਬ ਵਿਚ ਸਿਰਫ ਗਿਆਨੀ ਜ਼ੈਲ ਸਿੰਘ ਦੀ ਕਾਂਗਰਸੀ ਸਰਕਾਰ ਨੇ ਮਾਰਚ 1972 ਤੋਂ 30 ਅਪਰੈਲ 1977 ਤੱਕ ਪੰਜ ਸਾਲ ਤੋਂ ਵੱਧ ਰਾਜ ਕੀਤਾ ਹੈ। ਬਾਕੀ ਪੰਦਰਾਂ ਸਾਲਾਂ ਵਿਚ ਪੰਜ ਵਾਰ ਅਕਾਲੀ ਦਲ ਸਮਿਲਤ ਸਰਕਾਰਾਂ ਅਤੇ ਦੋ ਕਾਂਗਰਸੀ ਸਰਕਾਰਾਂ ਭੰਗ ਹੋਈਆਂ ਜਿਨ੍ਹਾਂ ਵਿਚ ਗਿ: ਗੁਰਮੁਖ ਸਿੰਘ ਮੁਸਾਫਰ ਅਤੇ ਸ੍ਰੀ ਦਰਬਾਰਾ ਸਿੰਘ ਦੀਆਂ ਸਰਕਾਰਾਂ ਵੀ ਸ਼ਾਮਲ ਹਨ ਅਤੇ ਅੱਠ ਵਾਰੀ ਰਾਸ਼ਟਰਪਤੀ ਰਾਜ ਸਥਾਪਤ ਹੋਇਆ ਹੈ।

ਵਰਤਮਾਨ ਸੂਬੇ ਵਿਚ ਪਹਿਲੀ ਵਾਰ ਸ. ਲਛਮਣ ਸਿੰਘ ਗਿੱਲ ਦੀ ਘੱਟ ਗਿਣਤੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਹੋਇਆ। ਸ. ਗਿੱਲ ਨੇ ਇਹ ਸਰਕਾਰ ਕਾਂਗਰਸ ਦੀ ਸਹਾਇਤਾ ਨਾਲ ਸ. ਗੁਰਨਾਮ ਸਿੰਘ ਸਰਕਾਰ ਤੋੜ ਕੇ ਬਣਾਈ ਸੀ। 23 ਅਗਸਤ 1968 ਨੂੰ ਲਾਗੂ ਹੋਏ ਰਾਸ਼ਟਰਪਤੀ ਰਾਜ ਦੇ ਪ੍ਰਬੰਧਕ ਸ੍ਰੀ ਡੀ. ਸੀ. ਪਾਵਟੇ ਸਨ। ਸ੍ਰੀ ਪਾਵਟੇ ਪਹਿਲੀ ਵਾਰ 17 ਫਰਵਰੀ 1969 ਤੱਕ ਅਤੇ ਫਿਰ ਦੂਜੀ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਭੰਗ ਹੋਣ 'ਤੇ 15 ਜੂਨ 71 ਤੋਂ 16 ਮਾਰਚ 72 ਤੱਕ ਰਾਜਪਾਲ ਰਹੇ ਹਨ। ਉਨ੍ਹਾਂ ਤੋਂ ਬਾਅਦ 1980 ਤੋਂ 1985 ਤੱਕ ਛੇ ਰਾਜਪਾਲ ਬਦਲੇ ਹਨ ਜਿਨ੍ਹਾਂ ਵਿਚ ਸ੍ਰੀ ਐਮ. ਐਮ. ਚੌਧਰੀ, ਸ੍ਰੀ ਜੇ ਸੁਖ ਲਾਲ ਹਾਥੀ, ਸ੍ਰੀ ਏ. ਪੀ. ਸ਼ਰਮਾ, ਸ੍ਰੀ ਬੀ. ਡੀ. ਪਾਂਡੇ, ਸ੍ਰੀ ਕੇ. ਟੀ. ਸਤਾਰੇਵਾਲਾ ਅਤੇ ਸ੍ਰੀ ਅਰਜਨ ਸਿੰਘ ਸ਼ਾਮਲ ਹਨ। ਇਨ੍ਹਾਂ ਵਿਚ ਸਭ ਤੋਂ ਘੱਟ ਸਮਾਂ 7 ਅਕਤੂਬਰ 1983 ਤੋਂ 9 ਅਕਤੂਬਰ 83 ਕੇਵਲ ਦੋ ਦਿਨ ਸ੍ਰੀ ਏ. ਪੀ. ਸ਼ਰਮਾ ਰਾਜਪਾਲ ਰਹੇ ਹਨ ਜਦ ਕਿ ਸ੍ਰੀ ਐਮ. ਐਮ. ਚੌਧਰੀ ਦੋ ਮਹੀਨੇ 30 ਅਪਰੈਲ 77 ਤੋਂ 20 ਜੂਨ 77 ਤੱਕ ਪ੍ਰਸ਼ਾਸਨਕ ਰਾਜਪਾਲ ਰਹੇ। ਸ੍ਰੀ ਅਰਜਨ ਸਿੰਘ ਨੇ ਦੋ ਸਾਲ ਤੋਂ ਚਲਦਾ ਮੋਰਚਾ ਖਤਮ ਕਰਵਾ ਕੇ ਕੇਂਦਰ-ਅਕਾਲੀ ਸਮਝੌਤਾ ਕਰਵਾਇਆ ਜਿਸ ਦੇ ਆਧਾਰ 'ਤੇ ਮੌਜੂਦਾ ਅਕਾਲੀ ਸਰਕਾਰ ਹੋਂਦ ਵਿਚ ਆਈ ਅਤੇ ਇਸ ਨੇ 29 ਸਤੰਬਰ 1985 ਨੂੰ ਰਾਜ ਪ੍ਰਬੰਧ ਸੰਭਾਲਿਆ ਹੈ।

ਬਰਨਾਲਾ ਸਰਕਾਰ ਨੂੰ ਇਸ ਵੇਲੇ ਚਾਰ ਮੁਹਾਜ਼ਾਂ 'ਤੇ ਜੰਗ ਲੜਨੀ ਪੈ ਰਹੀ ਹੈ ਜਿਨ੍ਹਾਂ 'ਤੇ ਉਹ ਫਤਹਿ ਪ੍ਰਾਪਤ ਕਰਨ ਦੇ ਆਸ਼ੇ ਨਾਲ ਦ੍ਰਿੜ ਹਨ। ਇਨ੍ਹਾਂ ਵਿਚ ਇਕ ਪਾਸੇ ਦਹਿਸ਼ਤਵਾਦ ਹੈ ਜਿਸ ਨੂੰ ਖਤਮ ਕਰਨ ਲਈ ਕੇਂਦਰ ਤੇ ਪੰਜਾਬ ਦੋਵੇਂ ਯਤਨਸ਼ੀਲ ਹਨ। ਦੂਜੇ ਪਾਸੇ ਬਾਗੀ ਅਕਾਲੀ ਦਲ ਹੈ ਜਿਸ ਨਾਲ ਨੀਤੀ ਟਕਰਾਅ ਦੀ ਹੈ। ਤੀਜੇ ਪਾਸੇ ਕੇਂਦਰ ਦੀ ਕਾਂਗਰਸ ਸਰਕਾਰ ਹੈ ਜੋ ਬਰਨਾਲਾ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦੇ ਐਲਾਨ ਕਰਨ ਦੇ ਨਾਲ ਨਾਲ ਇਸ ਦੇ ਰਾਹ ਵਿਚ ਰੋੜੇ ਅਟਕਾਉਣ ਲਈ ਵੀ ਕਈ ਸ਼ਿਕੰਜੇ ਘੜ ਰਹੀ ਹੈ ਅਤੇ ਚੌਥੇ ਪਾਸੇ ਰਾਜ ਦਾ ਗੰਭੀਰ ਆਰਥਿਕ ਅਤੇ ਵਿੱਤੀ ਸੰਕਟ ਹੈ ਜਿਸ ਉਤੇ ਛੇਤੀ ਨਾਲ ਕਾਬੂ ਪਾਉਣਾ ਅਸੰਭਵ ਜਾਪਦਾ ਹੈ।

ਪੰਜਾਬ ਦੇ ਮੰਤਰੀਆਂ ਦੀ ਫੌਜ ਦੇ ਖਰਚੇ ਤੇ ਉਨ੍ਹਾਂ ਦੇ ਸੁਰੱਖਿਆ ਪ੍ਰਬੰਧ, ਪੰਜਾਬ ਵਿਚ ਪੁਲੀਸ, ਸੀ. ਆਰ. ਪੀ., ਸਰਹੱਦੀ ਸੁਰੱਖਿਆ ਪੁਲੀਸ ਅਤੇ ਫੌਜੀ ਦਸਤਿਆਂ ਦੇ ਖਰਚੇ ਅਤੇ ਹੋਰ ਪ੍ਰਸ਼ਾਸਨਕ ਖਰਚੇ ਮਿਲ ਕੇ ਇਕ ਕਰੋੜ ਰੁਪਏ ਪ੍ਰਤੀ ਦਿਨ ਖਰਚ ਹੋ ਰਿਹਾ ਹੈ ਜਿਸ ਦਾ ਸਿਧਾ ਭਾਰ ਰਾਜ ਦੇ ਖਜ਼ਾਨੇ 'ਤੇ ਹੈ ਜਦ ਕਿ ਸਰਕਾਰੀ ਆਮਦਨ ਦੇ ਵਸੀਲੇ ਹਾਲਾਤ ਖਰਾਬ ਹੋਣ ਕਰਕੇ ਘੱਟ ਹਨ।

ਇਕ ਗੈਰ - ਸਰਕਾਰੀ ਸਰਵੇਖਣ ਰਿਪੋਰਟ ਅਨੁਸਾਰ ਪਿਛਲੇ ਦੋ ਸਾਲਾਂ ਵਿਚ ਪੰਜਾਬ ਦੀਆਂ ਸਨਅਤਾਂ ਤੇ ਵਪਾਰਕ ਪੱਖ ਤੇ 7200 ਕਰੋੜ ਰੁਪਏ ਦਾ ਘਾਟਾ ਹੋਇਆ ਹੈ ਅਤੇ ਅੱਗੋਂ ਨੂੰ ਕੋਈ ਵੀ ਪੰਜਾਬੋਂ ਬਾਹਰ ਦੀ ਵਪਾਰਕ ਸੰਸਥਾ ਪੇਸ਼ਗੀ ਉਧਾਰ ਤੇ ਸਨਅਤਾਂ ਲਈ ਕੱਚਾ ਮਾਲ ਜਾਂ ਵਪਾਰਕ ਮਾਲ ਦੇਣ ਨੂੰ ਤਿਆਰ ਨਹੀਂ। ਨਿੱਤ ਦੇ ਕਰਫਿਊ, ਰਾਤ ਦੀ ਆਵਾਜਾਈ ਦੇ ਸਾਧਨਾਂ 'ਤੇ ਪਾਬੰਦੀ ਅਤੇ ਦਹਿਸ਼ਤਗਰਦੀ ਦੇ ਸਹਿਮ ਨੇ ਰਾਜ ਦੀ ਆਰਥਿਕਤਾ ਨੂੰ ਜੜ੍ਹੋਂ ਹਿਲਾ ਕੇ ਰੱਖ ਦਿਤਾ ਹੈ। ਜੇ ਇਹੀ ਸਥਿਤੀ ਰਹੀ ਤਾਂ ਆਰਥਿਕ ਜਾਂ ਵਿੱਤੀ ਪੱਖੋਂ ਪੰਜਾਬ ਪੰਜਾਹ ਸਾਲ ਤਕ ਨਹੀਂ ਉਠ ਸਕੇਗਾ।

ਉਚ ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨੂੰ 25 ਕਰੋੜ ਦੇ ਲਗਭਗ ਵਿਕਰੀ ਕਰ ਤੋਂ ਅਤੇ ਲਗਭਗ ਸੱਤਰ ਕਰੋੜ ਰੁਪਏ ਹੋਰ ਸਾਧਨਾਂ ਤੋਂ ਆਮਦਨ ਦੀ ਕਮੀ ਹੋਈ ਹੈ। ਕੇਂਦਰੀ ਸਰਕਾਰ ਨੇ ਰਾਜ ਸਰਕਾਰ ਨੂੰ ਹੁਣ ਤੱਕ 380 ਕਰੋੜ ਦੀ ਵਿੱਤੀ ਸਹਾਇਤਾ ਦਿੱਤੀ ਹੈ ਜਦ ਕਿ ਰਾਜ ਸਰਕਾਰ ਅਰਬਾਂ ਰੁਪਏ ਕਰਜ਼ਾ ਚੁਕ ਕੇ ਕੰਮ ਚਲਾ ਰਹੀ ਹੈ। ਫਿਰ ਕੇਂਦਰ ਨੇ ਇਹ ਵੀ ਕਿਹਾ ਹੈ ਕਿ ਅਮਨ ਕਾਨੂੰਨ ਕਾਇਮ ਕਰਨਾ ਰਾਜ ਸਰਕਾਰ ਦਾ ਕੰਮ ਹੈ। ਇਸ ਲਈ ਸਾਰੇ ਸੁਰੱਖਿਆ ਖਰਚੇ ਵੀ ਰਾਜ ਦੇ ਖਜ਼ਾਨੇ 'ਤੇ ਹੀ ਪੈ ਰਹੇ ਹਨ। ਇਸ ਤਰ੍ਹਾਂ ਚੌਹਾਂ ਮੁਹਾਜ਼ਾਂ ਦਾ ਟਾਕਰਾ ਕਰਨ ਵਾਲੀ ਬਰਨਾਲਾ ਸਰਕਾਰ ਹਾਲੇ ਵੀ ਆਪਣੇ ਭਵਿੱਖ ਸਬੰਧੀ ਦ੍ਰਿੜ ਹੈ ਕਿ ਉਹ ਪੂਰੇ ਪੰਜ ਸਾਲ ਰਾਜ ਕਰੇਗੀ।

# ਚਾਰ ਸਰਕਾਰੀ ਹਸਪਤਾਲ ਅਪਗਰੇਡ ਕਰ ਦਿੱਤੇ

ਹੁਸ਼ਿਆਰਪੁਰ — ਪੰਜਾਬ ਸਰਕਾਰ ਨੇ ਚਾਰ ਸਰਕਾਰੀ ਹਸਪਤਾਲ ਅਪਗਰੇਡ ਕੀਤੇ ਹਨ। ਮਿਲੀ ਸੂਚਨਾ ਅਨੁਸਾਰ ਹੁਸ਼ਿਆਰਪੁਰ ਦਾ ਹਸਪਤਾਲ ਜੋ ਸੌ ਬਿਸਤਰਿਆਂ ਦਾ ਸੀ, ਉਹ ਵਧਾ ਕੇ 200 ਦਾ ਕਰ ਦਿਤਾ ਗਿਆ ਹੈ। ਇਸੇ ਤਰ੍ਹਾਂ ਪਠਾਨਕੋਟ 50 ਤੋਂ 100 ਅਤੇ ਫਿਲੌਰ 30 ਬਿਸਤਰਿਆਂ ਤੋਂ ਵਧਾ ਕੇ ਪੰਜਾਹ ਦਾ ਕਰ ਦਿਤਾ ਗਿਆ ਹੈ।

# ਬਟਾਲਾ ਵਿਚ ਤਿੰਨ ਦੇਸੀ ਬੰਬ ਫਟੇ - ਇਕ ਬੰਦੇ ਪਾਸੋਂ ਅਸਲ੍ਹਾ ਲੁਟਿਆ

ਚੰਡੀਗੜ੍ਹ — ਜ਼ਿਲਾ ਗੁਰਦਾਸਪੁਰ ਦੇ ਬਟਾਲਾ ਕਸਬੇ ਵਿਚ ਇਕ ਧਰਮ ਅਸਥਾਨ ਨੇੜੇ ਤਿੰਨ ਦੇਸੀ ਬੰਬ ਫਟੇ। ਪਰ ਕਿਸੇ ਦੇ ਫੱਟੜ ਹੋਣ ਦਾ ਸਮਾਚਾਰ ਨਹੀਂ

### ਅਸਲ੍ਹਾ ਲੁੱਟ ਲਿਆ

ਜ਼ਿਲਾ ਜਲੰਧਰ ਦੇ ਬੰਗਾ ਪੁਲਸ ਸਟੇਸ਼ਨ ਹੇਠ ਆਉਂਦੇ ਇਕ ਪਿੰਡ ਵਿਚ ਦੋ ਸ਼ਰਾਰਤੀ ਜਿਨ੍ਹਾਂ ਖਾਕੀ ਵਰਦਿਆਂ ਪਹਿਨੀਆਂ ਹੋਈਆਂ ਸਨ, ਸਵਰਨ ਸਿੰਘ ਦੇ ਘਰ ਵਿਚ ਦਾਖਲ ਹੋਏ ਅਤੇ ਉਸ ਤੋਂ 32 ਬੋਰ ਦਾ ਰਿਵਾਲਵਰ ਅਤੇ ਅੱਠ ਕਾਰਤੂਸ ਖੋਹਕੇ ਲੈ ਗਏ। ਪੁਲਸ ਸੂਤਰਾਂ ਅਨੁਸਾਰ ਉਕਤ ਲੁਟੇਰਿਆਂ ਨੇ ਆਪਣੇ ਆਪ ਨੂੰ ਸੀ. ਬੀ. ਆਈ. ਦੇ ਆਦਮੀ ਜ਼ਾਹਰ ਕੀਤਾ ਅਤੇ ਸਵਰਨ ਸਿੰਘ ਨੂੰ ਕਿਹਾ ਕਿ ਉਹ ਆਪਣਾ ਰਿਵਾਲਵਰ ਅਤੇ ਗੋਲੀ ਸਿੱਕਾ ਚੈਕ ਕਰਵਾਏ। ਜਿਉਂ ਹੀ ਉਸ ਨੇ ਆਪਣਾ ਅਸਲ੍ਹਾ ਉਹਨਾਂ ਨੂੰ ਫੜਾਇਆ ਉਹ ਲੈ ਕੇ ਦੌੜ ਗਏ।


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167


For our Readers & Advertisers
'Canada Darpan'
Office Hours

Monday to Friday — 10 a.m. - 5.00 p.m.
Please phone during these hours only

Ph. 581-4473

# ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ

ਗੁਲਜ਼ਾਰ ਸਿੰਘ ਸੰਧੂ



ਇਕ ਸਾਂਝੇ ਮਿੱਤਰ ਦੀ ਭਾਵਨਾ ਕਰਕੇ ਮੈਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਬਾਗੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ। ਏਜੰਡਾ ਕੋਈ ਨਹੀਂ ਸੀ। ਗੈਰ-ਰਸਮੀ ਬੈਠਕ।

ਘਰ ਦੇ ਬਾਹਰ ਲਾਅਨ ਤੇ ਵਰਾਂਡੇ ਵਿਚ ਪੰਜ ਚਾਰ ਬੰਦੇ ਇਕ ਦੂਜੇ ਨਾਲ ਗੱਲਬਾਤ ਕਰ ਰਹੇ ਹਨ। ਮਾਹੌਲ ਬੁਝਿਆ ਬੁਝਿਆ ਸੀ। ਉਤਸ਼ਾਹਹੀਣ।

ਮੈਂ "ਪੰਜਾਬੀ ਟ੍ਰਿਬਿਊਨ" ਤੋਂ ਪਹਿਲਾਂ ਕਿਹੜੇ ਪਰਚੇ ਦਾ ਸੰਪਾਦਕ ਸਾਂ। ਕਿਥੋਂ ਦਾ ਰਹਿਣ ਵਾਲਾ ਹਾਂ। ਪੱਤਰਕਾਰੀ ਦੀ ਕੋਈ ਡਿਗਰੀ ਹੈ ਕਿ ਨਹੀਂ। ਸੰਪਾਦਕੀ ਕਿਸੇ ਵਿਸ਼ੇ 'ਤੇ ਕਿਉਂ ਲਿਖਿਆ ਜਾਂਦਾ ਹੈ। ਇਕ ਸੰਪਾਦਕੀ ਲਿਖਣ ਵਾਸਤੇ ਸੋਚਦਿਆਂ ਕਿੰਨਾ ਚਿਰ ਲਗਦਾ ਹੈ ਤੇ ਲਿਖਦਿਆਂ ਕਿੰਨਾ। ਪ੍ਰੇਮ ਭਾਟੀਆ ਹੁਣ ਕਿਸ ਅਖਬਾਰ ਨਾਲ ਸਬੰਧਤ ਹੋਣਗੇ। ਇਨ੍ਹਾਂ ਪ੍ਰਸ਼ਨਾਂ ਵਿਚ ਅਪਣੱਤ ਵੀ ਸੀ, ਖਲੂਸ ਵੀ ਤੇ ਉਤਸੁਕਤਾ ਵੀ।

? ਅਸੀਂ ਕਿੱਥੇ ਆਣ ਖਲੋਤੇ ਹਾਂ?

— ਇਹ ਤਾਂ ਪੱਤਰਕਾਰ ਹੀ ਸਾਨੂੰ ਦੱਸਦੇ ਹਨ।

? ਤੁਸੀਂ ਬਾਗੀ ਦ੍ਰਿਸ਼ਟੀਕੋਣ ਕਿਉਂ ਅਪਣਾਇਆ?

— ਬਾਗੀ ਤਾਂ ਇਕ ਪਾਸੇ ਰਿਹਾ ਹੁਣ ਤਾਂ ਸਾਨੂੰ ਅਤਿਵਾਦੀ ਸਮਝਿਆ ਜਾਂਦਾ ਹੈ। ਕੇਵਲ ਇਸ ਲਈ ਕਿ ਅਸੀਂ ਉਨ੍ਹਾਂ ਮੁੰਡਿਆਂ ਦੇ ਭੋਗ ਉਤੇ ਜਾਂਦੇ ਹਾਂ ਜਿਹੜੇ ਨਿਰਦੋਸ਼ੇ ਹੋ ਕੇ ਵੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋਏ।

? ਕੀ ਅਜਿਹਾ ਕਰਨ ਨਾਲ ਅਤਿਵਾਦੀ ਨੌਜਵਾਨਾਂ ਨੂੰ ਸ਼ਹਿ ਨਹੀਂ ਮਿਲਦੀ

— ਮੇਰੇ ਵਿਚਾਰ ਵਿਚ ਤਾਂ ਬਿਲਕੁਲ ਨਹੀਂ। ਪਰ ਜੇ ਮਿਲਦੀ ਵੀ ਹੋਵੇ ਤਾਂ ਅਸੀਂ ਕਿੰਨੇ ਕੁ ਬਚ ਕੇ ਰਹਿ ਸਕਦੇ ਹਾਂ? ਮਰਨ ਵਾਲਾ ਮੁੰਡਾ ਭਾਵੇਂ ਅਤਿਵਾਦੀ ਹੀ ਹੋਵੇ ਅਸੀਂ ਉਸ ਦੀ ਰੂਹ ਨਾਲ ਤਾਂ ਗੱਲਾਂ ਕਰਨ ਨਹੀਂ ਜਾਂਦੇ? ਅਸੀਂ ਤਾਂ ਮਾਪਿਆਂ ਦਾ ਦੁੱਖ ਵੰਡਾਉਣ ਜਾਂਦੇ ਹਾਂ ਜਿਹੜੇ ਸਾਡੇ ਵਰਗੇ ਹੀ ਹਨ। ਸੰਕਟ ਦਾ ਸ਼ਿਕਾਰ।

? ਮਾਪਿਆਂ ਦਾ ਦੋਸ਼ ਕਿਉਂ ਨਹੀਂ ਹੁੰਦਾ?

— ਤੁਸੀਂ ਤਾਂ ਖੁਦ ਸਿਆਣੇ ਹੋ। ਅੱਜ ਕੱਲ੍ਹ ਨੌਜਵਾਨ ਮਾਪਿਆਂ ਦੀ ਕਿੰਨੀ ਕੁ ਸੁਣਦੇ ਹਨ? ਉਨ੍ਹਾਂ ਦੀਆਂ ਭਾਵਨਾਵਾਂ ਪਹਿਲੀ ਪੀੜ੍ਹੀ ਦੀਆਂ ਭਾਵਨਾਵਾਂ ਵੱਖ ਹੁੰਦੀਆਂ ਹਨ। ਹਰ ਕਾਰਵਾਈ ਪ੍ਰਤੀ ਉਨ੍ਹਾਂ ਦਾ ਪ੍ਰਤੀਕਰਮ ਮਾਪਿਆਂ ਤੋਂ ਵੱਖਰਾ ਹੁੰਦਾ ਹੈ। ਜੇ ਅਸੀਂ ਮਾਪਿਆਂ ਨਾਲ ਹਮਦਰਦੀ ਕਰਦੇ ਹਾਂ ਤਾਂ ਉਹ ਬੱਚਿਆਂ ਨਾਲ ਕਿਵੇਂ ਜੋੜੀ ਜਾ ਸਕਦੀ ਹੈ? ਤੇ ਨਾਲੇ ਸਰਕਾਰ ਕਿਹੜਾ ਸੋਚ ਕੇ ਕਦਮ ਚੁੱਕਦੀ ਹੈ? ਤੁਸੀਂ ਪਿੰਡਾਂ ਵਿਚ ਜਾ ਕੇ ਦੇਖੋ ਨੌਜਵਾਨਾਂ ਦੇ ਮਾਂ ਪਿਓ ਨੂੰ ਕਿਵੇਂ ਡਰਾਇਆ ਧਮਕਾਇਆ ਜਾਂਦਾ ਹੈ। ਇਨ੍ਹਾਂ ਗੱਲਾਂ ਦੇ ਨਤੀਜੇ ਠੀਕ ਨਹੀਂ ਨਿਕਲਿਆ ਕਰਦੇ।

? ਪਰ ਤੁਸੀਂ ਮੁਕਤਸਰ ਕਾਂਡ ਦੇ ਸ਼ਿਕਾਰ ਹੋਣ ਵਾਲੇ ਪੰਜਾਬੀਆਂ ਦੇ ਭੋਗ 'ਤੇ ਨਹੀਂ ਗਏ।

— ਮੇਰੀ ਚੰਡੀਗੜ੍ਹ ਮੀਟਿੰਗ ਸੀ। ਅਸੀਂ ਭਾਈ ਸ਼ਮਿੰਦਰ ਸਿੰਘ ਨੂੰ ਉਥੇ ਭੇਜਿਆ ਉਹ ਸਾਡਾ ਹੀ ਤਾਂ ਹੈ।

? ਪਰ ਉਹ ਤੁਹਾਡਾ ਪ੍ਰਤੀਨਿਧ ਬਣ ਕੇ ਨਹੀਂ ਗਿਆ। ਨਹੀਂ ਤਾਂ ਤੁਹਾਡੇ ਵਲੋਂ ਸੰਦੇਸ਼ ਜਾਂ ਸ਼ਰਧਾਂਜਲੀ ਦੇ ਸ਼ਬਦ ਬੋਲੇ ਜਾਂਦੇ। ਤੁਹਾਡੇ ਆਪਣੇ ਹਲਕੇ ਵਿਚ ਹੋ ਰਹੇ ਇਕੱਠ ਸਮੇਂ ਤੁਹਾਡੀ ਜਾਂ ਤੁਹਾਡੇ ਵਲੋਂ ਭੇਜੇ ਗਏ ਸ਼ਬਦਾਂ ਦੀ ਅਣਹੋਂਦ ਇਲਾਕੇ ਦੇ ਮਨਾਂ ਵਿਚ ਰੜਕੇਗੀ ਨਹੀਂ।

— (ਸੋਚ ਵਿਚ)।

? ਨੌਜਵਾਨਾਂ ਲਈ ਤੁਸੀਂ ਕਿਹੜਾ ਰਾਹ ਸੁਝਾਉਂਦੇ ਹੋ?

— ਹਮਦਰਦੀ ਵਾਲਾ। ਪਿਆਰ ਵਾਲਾ।

? ਤੇ ਜਿਹੜੇ ਮੁੰਡੇ 'ਬਰੇਨ ਵਾਸ਼' ਹੋ ਕੇ ਆਏ ਹਨ, ਤਸਵੀਰ ਦਾ ਦੂਜਾ ਪਾਸਾ ਵੇਖਣਾ ਹੀ ਨਹੀਂ ਚਾਹੁੰਦੇ?

— ਉਨ੍ਹਾਂ ਨੂੰ ਸਜ਼ਾ ਚਾਹੀਦੀ ਹੈ। ਸਾਕਾਂ ਸਬੰਧੀਆਂ ਨੂੰ ਨਹੀਂ।

? ਤੁਸੀਂ ਤਾਂ ਨਕਸਲੀਆਂ ਨਾਲ ਨਿਪਟਦੇ ਰਹੇ ਹੋ। ਦੋਸ਼ੀ ਨਾਲ ਕੋਈ ਨਾ ਕੋਈ ਨਿਰਦੋਸ਼ਾ ਵੀ ਤਾਂ ਫਸ ਹੀ ਜਾਂਦਾ ਹੈ।

— (ਚੁੱਪ)।

? ਤਸ਼ੱਦਦ ਬਿਨਾਂ ਠੱਲ੍ਹ ਵੀ ਤਾਂ ਨਹੀਂ ਪੈਂਦੀ?

— ਪਰ ਹੁਣ ਵਾਲਾ ਗੁੱਸਾ ਤਾਂ ਪੁਲੀਸ ਦੇ ਅਮਲਾਂ ਦਾ ਫਲ ਹੈ।

? ਜਿੰਨਾ ਚਿਰ ਪੁਲੀਸ ਐਕਸ਼ਨ ਵਿਚ ਨਹੀਂ ਸੀ ਆਈ, ਉਦੋਂ ਕਿਹੜਾ ਉਹ ਚੁੱਪ ਬੈਠੇ ਸਨ?

— (ਚੁੱਪ)।

? ਇਹੋ ਜਿਹੇ ਮੌਕੇ ਕੀ ਤੁਹਾਡਾ ਆਪਣੀ ਹੀ ਪਾਰਟੀ ਦੀ ਸਰਕਾਰ ਨਾਲ ਮੋਢਾ ਡਾਹ ਕੇ ਲੜਨ ਦਾ ਫਰਜ਼ ਨਹੀਂ ਸੀ?

— ਉਹ ਸਰਕਾਰ ਸਾਡੀ ਕਿਵੇਂ ਹੋਈ ਜਿਸ ਨੇ ਦਰਬਾਰ ਸਾਹਿਬ ਵਿਚ ਪੁਲੀਸ ਕਾਰਵਾਈ ਕਰ ਕੇ ਸਾਡੀ ਬੇਇਜ਼ਤੀ ਕਰਵਾਈ।

? ਜੇ ਮੰਨ ਲਈਏ ਕਿ ਪੁਲੀਸ ਕਾਰਵਾਈ ਵਾਸਤੇ ਧੋਖੇ ਵਾਲੀ ਜ਼ਮੀਨ ਤਿਆਰ ਕੀਤੀ ਗਈ ਸੀ ਤੇ ਕਾਰਵਾਈ ਗਲਤ ਸੀ ਜਿਹੜੀ ਕਿ ਮੁੱਖ ਮੰਤਰੀ ਵਲੋਂ ਲੱਗੀ ਜਾਂ ਲਗਵਾਈ ਸੇਵਾ ਤੋਂ ਜਾਪਦਾ ਹੀ ਹੈ ਤਾਂ ਇਹ ਵੀ ਮੰਨਣਾ ਪਵੇਗਾ ਕਿ ਕਿਸੇ ਵੇਲੇ ਸਿਆਣੇ ਤੋਂ ਸਿਆਣਾ ਵਿਅਕਤੀ ਵੀ ਧੋਖੇ ਵਿਚ ਆ ਜਾਂਦਾ ਹੈ। ਉਸ ਦੇ ਲਈ ਮੁਆਫੀਨਾਮੇ ਦੀ ਗੁੰਜਾਇਸ਼ ਹੋਣੀ ਚਾਹੀਦੀ ਹੈ।

— ਇਹੋ ਜਿਹੇ ਵਿਅਕਤੀ ਨੂੰ ਰਾਜਨੀਤੀ ਵਿਚ ਨਹੀਂ ਪੈਣਾ ਚਾਹੀਦਾ। ਮੈਨੂੰ ਸਾਫ ਦਿਖਾਈ ਦੇ ਰਿਹਾ ਸੀ ਕਿ ਇਹ ਗੱਲ ਹੋਵੇਗੀ। ਮੈਂ ਸਰਬੱਤ ਖਾਲਸਾ ਵਿਚ ਇਸ ਦਾ ਐਲਾਨ ਵੀ ਕੀਤਾ ਸੀ। ਮੈਂ ਇਸ ਤੋਂ ਵੱਡੀ ਚਿਤਾਵਨੀ ਕਦੇ ਕਿਸੇ ਨੂੰ ਨਹੀਂ ਦਿੱਤੀ। ਦਿੱਲੀ ਵਾਲਿਆਂ ਦਾ ਦਿਲ ਕਾਲਾ ਹੈ। ਮੈਨੂੰ ਦਿਸਦਾ ਸੀ ਤਾਂ ਇਨ੍ਹਾਂ ਨੂੰ ਕਿਉਂ ਨਹੀਂ ਦਿਸਿਆ?

? ਅਚਨਚੇਤ ਹੀ ਧੋਖੇ ਵਿਚ ਆਉਣ ਵਾਲਾ ਨੇਤਾ ਵੀ ਆਪਣੇ ਕਰਮ ਦਾ ਉਨਾਂ ਕੁ ਹੀ ਜ਼ਿੰਮੇਵਾਰ ਹੁੰਦਾ ਹੈ ਜਿੰਨਾ ਗਲਤ ਕਾਰਵਾਈ ਦੇ ਪ੍ਰਤੀਕਰਮ ਵਿਚ ਅਸਤੀਫਾ ਦੇਣ ਵਾਲਾ। ਇਸ ਵਿਚ ਅਮਰਿੰਦਰ ਸਿੰਘ ਵਰਗੇ ਭਾਵਕ ਬੰਦੇ ਲਈ ਤਾਂ ਠੀਕ ਹੈ। ਤੁਹਾਡੇ ਕੋਲੋਂ ਲੋਕਾਂ ਨੂੰ ਏਨਾ ਵੱਡਾ ਕਦਮ ਚੁੱਕਣ ਦੀ ਆਸ ਨਹੀਂ ਸੀ।

— ਮੈਂ ਤਾਂ ਜੋ ਕੁਝ ਕੀਤਾ ਹੈ ਉਹ ਆਨੰਦਪੁਰ ਸਾਹਿਬ ਦੀ ਕੰਧ ਉਤੇ ਪਹਿਲਾਂ ਹੀ ਲਿਖ ਆਇਆ ਹਾਂ। ਮੇਰੇ ਮਨ ਦੀ ਦੋਚਿਤੀ ਬਾਰੇ ਸੋਚਣਾ ਹੀ ਠੀਕ ਨਹੀਂ। ਮੈਂ


**I CAN HELP**

I'm an Investors professional financial planner. It's my job to help you create and follow a personal financial plan.

I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



**ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ**

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)** *Investors* SYNDICATE LIMITED **ਹਰਦਿਆਲ ਸਿੱਧੂ (ਡੇਲ)**

**Tel: Bus. 682-5431** MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431 **Res: 591-2697**

ਸਦਾ ਸਰਬੱਤ ਦਾ ਹੁਕਮ ਮੰਨਿਆ ਹੈ। ਦਿੱਲੀ ਜਾ ਕੇ ਸੰਵਿਧਾਨ ਪਾੜਨ ਦੇ ਮੈਂ ਬਿਲਕੁਲ ਹੀ ਹੱਕ ਵਿਚ ਨਹੀਂ ਸਾਂ ਪਰ ਮੇਰੇ ਸਹਿਯੋਗੀ ਇਹ ਗੱਲ ਜ਼ਰੂਰ ਕਰਨੀ ਚਾਹੁੰਦੇ ਸਨ। ਹੋਇਆ ਇਹ ਕਿ ਅਮਲ ਕਰਨ ਵੇਲੇ ਮੈਂ ਇਕੱਲਾ ਹੀ ਰਹਿ ਗਿਆ, ਬਾਕੀ ਸਾਰੇ ਪਿੱਛੇ ਹਟ ਗਏ। ਹੁਣ ਵੀ ਕੁਝ ਇਸੇ ਤਰ੍ਹਾਂ ਹੋਇਆ। ਇਸ ਦੇ ਨਾਲੋਂ ਤਾਂ ਅਸੀਂ ਸ਼ਹੀਦੀ ਜਥੇ ਲੈ ਕੇ ਜਾਂਦੇ ਤੇ ਨੌਜਵਾਨਾਂ ਤੋਂ ਗੋਲੀਆਂ ਖਾ ਲੈਂਦੇ। ਮੈਨੂੰ ਸਭ ਤੋਂ ਅੱਗੇ ਕਰਦੇ। ਮੈਂ ਪਿੱਛੇ ਹਟਣ ਵਾਲਾ ਨਹੀਂ ਸੀ।

? ਪਰ ਇਸ ਨਾਲ ਸਰਕਾਰ ਕਮਜ਼ੋਰ ਹੋਈ ਹੈ।

— ਕੀ ਕਮਜ਼ੋਰੀ ਹੈ ? ਚੰਗੀ ਭਲੀ ਚਲ ਰਹੀ ਹੈ। ਏਦਾਂ ਹੀ ਚਲਦੀ ਰਹਿਣੀ ਹੈ

? ਤੁਸੀਂ ਇਕੱਠੇ ਹੁੰਦੇ ਤਾਂ ਹੋਰ ਚੰਗੀ ਚਲਣੀ ਸੀ। ਧੜੱਲੇ ਨਾਲ।

— ਇਕੱਠੇ ਹੁੰਦੇ ਤਾਂ ਹੁਣ ਤਕ ਕਦੋਂ ਦੀ ਟੁੱਟ ਜਾਣੀ ਸੀ। ਤੋੜਨ ਵਾਸਤੇ ਬਹਾਨਾ ਲੱਭਣਾ ਔਖਾ ਨਹੀਂ ਹੋਇਆ ਕਰਦਾ। ਹੁਣ ਜਿਹੋ ਜਿਹੀ ਹੈ ਚਲ ਤਾਂ ਰਹੀ ਹੈ।

? ਤੁਸੀਂ ਇਸ 'ਤੇ ਖ਼ੁਸ਼ ਹੋ ?

— ਇਹੋ ਜਿਹੀਆਂ ਸਰਕਾਰਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ।

? ਮੈਂ ਗਲਤ ਹੋ ਸਕਦਾ ਹਾਂ ਪਰ ਮੇਰਾ ਖਿਆਲ ਹੈ ਕਿ ਜਿਨ੍ਹਾਂ ਸਥਿਤੀਆਂ ਵਿਚੋਂ ਅਸੀਂ ਲੰਘ ਰਹੇ ਹਾਂ ਉਨ੍ਹਾਂ ਵਿਚ ਗੁਰਦੁਆਰਿਆਂ ਵਿਚ ਪੁਲੀਸ ਕਾਰਵਾਈ ਰੋਕੀ ਹੀ ਨਹੀਂ ਜਾ ਸਕਦੀ। ਕੋਈ ਹੋਰ ਸਰਕਾਰ ਹੁੰਦੀ ਤਾਂ ਉਸ ਲਈ ਵੀ ਮੌਕਾ ਪੈਦਾ ਹੋ ਹੀ ਜਾਣਾ ਸੀ।

— ਮੈਂ ਨਹੀਂ ਮੰਨਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਢਾਈ ਤਿੰਨ ਸੌ ਸੇਵਾਦਾਰ ਰੱਖ ਸਕਦੀ ਸੀ। ਹੋਰ ਵੀ ਕਈ ਕੁਝ ਹੋ ਸਕਦਾ ਸੀ।

? ਜੋ ਕੁਝ ਹੋ ਸਕਦਾ ਸੀ ਉਹ 26 ਜਨਵਰੀ ਨੂੰ ਕਿਉਂ ਨਾ ਕੀਤਾ ਗਿਆ। ਉਦੋਂ ਤਾਂ ਤੁਸੀਂ ਵੀ ਸਰਕਾਰ ਵਿਚ ਹੀ ਸੀ। ਉਦੋਂ ਸ਼ਹੀਦੀ ਜਥੇ ਕਿਉਂ ਨਾ ਗਏ ?

— ਮੈਂ ਮੁੱਖ ਮੰਤਰੀ ਨਹੀਂ ਸਾਂ। ਅਕਾਲੀ ਦਲ ਦਾ ਪ੍ਰਧਾਨ ਵੀ ਨਹੀਂ ਤੇ ਨਾ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ।

? ਤੁਸੀਂ ਮੰਤਰੀ ਮੰਡਲ ਵਿਚ ਸ਼ਾਮਲ ਕਿਉਂ ਨਹੀਂ ਹੋਏ ?

— ਮੈਂ ਨਾਂਹ ਨਹੀਂ ਸੀ ਕੀਤੀ। ਮੈਂ ਦਿਲੋਂ ਮਹਿਸੂਸ ਕਰਦਾ ਸਾਂ ਕਿ ਮੇਰੇ ਨਾ ਸ਼ਾਮਲ ਹੋਣ ਦੇ ਅਰਥ ਗਲਤ ਨਿਕਲ ਸਕਦੇ ਹਨ। ਮੈਂ ਹਾਂ ਕੀਤੀ ਪਰ ਮੈਨੂੰ ਕਿਹਾ ਗਿਆ ਕਿ ਮੈਂ ਤੀਜੇ ਨੰਬਰ 'ਤੇ ਆ ਜਾਵਾਂ। ਦੂਜੇ ਨੰਬਰ 'ਤੇ ਅਸੀਂ ਕਿਸੇ ਹੋਰ ਨੂੰ ਰੱਖਣ ਲਈ ਵਚਨਬੱਧ ਹਾਂ।

? ਇਹ ਤਾਂ ਠੀਕ ਨਹੀਂ ਸੀ। ਪਰ ਤੁਸੀਂ ਮੰਤਰੀ ਮੰਡਲ ਤੋਂ ਬਾਹਰ ਰਹਿ ਕੇ ਵੀ ਤਾਂ ਸਹਾਇਤਾ ਦੇ ਸਕਦੇ ਸੀ।

— ਬਾਹਰ ਦੀ ਗੱਲ ਬਾਹਰ ਹੀ ਹੁੰਦੀ ਹੈ। ਚਲੋ ਉਹ ਵੀ ਮੰਨ ਲਈਏ ਤਾਂ ਜੇ ਮੈਨੂੰ ਤੀਜੇ ਨੰਬਰ 'ਤੇ ਹੀ ਰਖਣਾ ਦਾ ਇਰਾਦਾ ਸੀ ਤਾਂ ਮੇਰੇ ਨਾਲ ਗੱਲ ਹੀ ਕਿਉਂ ਤੋਰੀ ਗਈ ? ਮੇਰਾ ਵੀ ਤਾਂ ਪਾਰਟੀ ਵਿਚ ਕੋਈ ਸਥਾਨ ਹੈ।

? ਤੁਸੀਂ ਠੀਕ ਕਹਿੰਦੇ ਹੋ ਪਰ ਪੰਜਾਬ ਅਤੇ ਦੇਸ਼ ਦੇ ਹਿਤ ਵਿਚ, ਖਾਸ ਕਰਕੇ ਪੰਜਾਬੀਆਂ ਦੇ ਹਿਤ ਵਿਚ, ਦੋਫਾੜ ਹੋਣ ਨਾਲੋਂ ਕੋਈ ਹੋਰ ਰਾਹ ਲੱਭਣਾ ਠੀਕ ਸੀ

— ਅਸੀਂ ਤਾਂ ਕੋਈ ਰਸਤਾ ਬੰਦ ਨਹੀਂ ਕੀਤਾ। ਬਰਨਾਲਾ ਸਾਹਿਬ ਖੁਦ ਹੀ ਆਪਣੇ ਦਰਵਾਜ਼ੇ ਬੰਦ ਕਰੀ ਜਾ ਰਹੇ ਹਨ। ਪੁਲੀਸ ਦਾ ਡੀ. ਜੀ. ਬਾਹਰ ਤੋਂ ਲਿਆਉਣ ਦੀ ਕੀ ਲੋੜ ਸੀ ?

? ਮੈਂ ਪੁਛਿਆ ਸੀ। ਮੈਨੂੰ ਦਸਿਆ ਗਿਆ ਸੀ ਕਿ ਪੰਜਾਬ ਕਾਡਰ ਵਿਚੋਂ ਬਣਨ ਵਾਸਤੇ ਤਾਂ ਹਰ ਇਕ ਹੀ ਪਿਆਰ ਸੀ ਪਰ ਜਦੋਂ ਉਸ ਨੂੰ ਸਖਤੀ ਕਰਨ ਲਈ ਭਾਂਪਿਆ ਜਾਂਦਾ ਸੀ ਤਾਂ ਚੁੱਪ ਹੋ ਜਾਂਦਾ ਸੀ। ਤੁਸੀਂ ਮੰਨੋਗੇ ਕਿ ਬਾਹਰਲੇ ਬੰਦੇ ਲਈ ਸਖਤੀ ਕਰਨੀ ਸੌਖੀ ਹੁੰਦੀ ਹੈ। ਉਹ ਸਖਤੀ ਕਰ ਕੇ ਦੂਰ ਆਪਣੇ ਘਰ ਚਲਾ ਜਾਂਦਾ ਹੈ। ਅੰਦਰ ਵਾਲੇ ਨੇ ਤਾਂ ਉਥੇ ਹੀ ਰਹਿਣਾ ਹੁੰਦਾ ਹੈ। ਉਹ ਕਿਥੇ ਜਾਂਦਾ ?

— ਗੱਲ ਤਾਂ ਤੁਹਾਡੀ ਠੀਕ ਹੈ ਪਰ ਹਰ ਗੱਲ ਵਿਚ ਝੁਕਦੇ ਜਾਣਾ ਵੀ ਤਾਂ ਠੀਕ ਨਹੀਂ।

? ਕਿਸ ਤਰ੍ਹਾਂ ਭਲਾ ?

— ਜਿਵੇਂ ਪੰਜਾਬ ਸਮਝੌਤਾ ਹੀ ਲੈ ਲਵੋ। ਤੁਹਾਡੇ ਅਖਬਾਰ ਨੇ ਹੀ ਲਿਖਿਆ ਹੈ ਕਿ ਰੁੰਡਮੁੰਡ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਤੇ ਉਹ ਵੀ 70,000 ਏਕੜ ਬਦਲੇ।

? ਅਸੀਂ ਕੋਈ ਗਲਤ ਤਾਂ ਨਹੀਂ ਲਿਖਿਆ। ਪਰ ਅਸੀਂ ਇਹ ਵੀ ਲਿਖਿਆ ਸੀ ਕਿ ਅਬੋਹਰ - ਫਾਜ਼ਿਲਕਾ ਦੀ ਨਾਕਾਬੰਦੀ ਸਮਝੌਤੇ ਦੇ ਸ਼ਬਦਾਂ ਤੋਂ ਹੀ ਹੋਈ। ਜੇ ਇਲਾਕਾਈ ਨੇੜਤਾ ਦਾ ਸ਼ਬਦ ਵਿਚ ਨਾ ਪਾਇਆ ਹੁੰਦਾ ਤਾਂ 83 ਪਿੰਡ ਚਲੇ ਜਣੇ ਸਨ। ਪਹਿਲੀ ਗੱਲ ਤਾਂ ਇਹ ਹੈ ਕਿ 70,000 ਏਕੜ ਹਾਲੇ ਗਏ ਨਹੀਂ। ਜੇ ਚਲੇ ਵੀ ਜਾਣ ਤਾਂ 83 ਪਿੰਡਾਂ ਨਾਲੋਂ ਤਾਂ ਬਹੁਤ ਘੱਟ ਹਨ।

— ਚੰਡੀਗੜ੍ਹ ਪੰਜਾਬ ਦਾ ਹੈ। ਇਸ ਦੇ ਬਦਲੇ ਕੋਈ ਪਿੰਡ ਵੀ ਨਹੀਂ ਜਾਣਾ ਚਾਹੀਦਾ। ਚਲੋ ਇਹ ਵੀ ਛੱਡੋ। ਸਮਝੌਤੇ ਪਿਛੇ ਜਾਈਏ ਤਾਂ ਅਸੀਂ ਦਰਿਆਈ ਪਾਣੀਆਂ ਵਿਚ ਬੜੀ ਮਾਰ ਖਾਵਾਂਗੇ। ਮੈਂ ਉਸ ਇਲਾਕੇ ਦਾ ਹਾਂ ਜਿਥੇ ਖੇਤੀ ਨਹਿਰਾਂ ਦੇ ਸਿਰ 'ਤੇ ਹੁੰਦੀ ਹੈ। ਜੇ ਆਪਣੀਆਂ ਨਹਿਰਾਂ ਸੁੱਕੀਆਂ ਰੱਖ ਕੇ ਆਪਣਾ ਪਾਣੀ ਅੱਗੇ ਭੇਜ ਦੇਈਏ ਤਾਂ ਸਾਨੂੰ ਅਕਲਮੰਦ ਕੌਣ ਕਹੇਗਾ ? ਫੇਰ, ਸਮਝੌਤੇ ਵਿਚ ਨੌਜਵਾਨਾਂ ਬਾਰੇ ਇਕ ਸ਼ਬਦ ਇਹੋ ਜਿਹਾ ਪਾਇਆ ਹੈ ਜਿਹੜਾ ਬਿਲਕੁਲ ਹੀ ਠੀਕ ਨਹੀਂ ਸੀ। ਉਨ੍ਹਾਂ ਦੀ ਰਿਹਾਈ ਦੇ ਸਬੰਧ ਵਿਚ ਇਹ ਲਿਖਿਆ ਗਿਆ ਹੈ ਕਿ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਜਿਹੜੇ ਦੇਸ਼ ਵਿਰੁਧ ਜੰਗ ਛੇੜਨ ਦੇ ਭਾਗੀ ਨਹੀਂ ਸਨ। ਤੁਸੀਂ ਤਾਂ ਐਡੀਟਰ ਹੋ। ਕੀ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਦੇਸ਼ ਵਿਰੁੱਧ ਜੰਗ ਜ਼ਰੂਰ ਜਾਰੀ ਸੀ ? ਮੈਂ ਸੰਤ ਭਿੰਡਰਾਂਵਾਲਾ ਦੀ ਨੀਤੀ ਦਾ ਸਮਰਥਕ ਨਹੀਂ ਸਾਂ। ਪਰ ਇਹ ਗੱਲ ਕਹਿਣ ਤੋਂ ਮੈਨੂੰ ਕੋਈ ਸੰਕੋਚ ਨਹੀਂ ਕਿ ਦੇਸ਼ ਵਿਰੁੱਧ ਜੰਗ ਤਾਂ ਸੰਤ ਭਿੰਡਰਾਂਵਾਲੇ ਨੇ ਵੀ ਨਹੀਂ ਸੀ ਛੇੜੀ। ਉਸ ਨੇ ਦੇਸ਼ ਤੋਂ ਵੱਖਰੇ ਹੋਣ ਦਾ ਕੋਈ ਨਾਅਰਾ ਕਦੇ ਵੀ ਨਹੀਂ ਲਾਇਆ। ਕੀ ਸਮਝੌਤੇ ਵਿਚ ਇਹ ਸ਼ਬਦ ਪਾ ਕੇ ਸਾਨੂੰ ਝੂਠੇ ਨਹੀਂ ਕੀਤਾ ਗਿਆ ? ਜਿਵੇਂ ਚੋਣਾਂ ਲੜਨ ਸਮੇਂ ਆਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਕਹਿੰਦੇ ਰਹੇ ਹਨ। ਸਾਨੂੰ ਲੋਕਾਂ ਦੇ ਪ੍ਰਤੀਨਿਧਾਂ ਨੂੰ ਸ਼ਬਦਾਂ ਦੀ ਵਰਤੋਂ ਬਾਰੇ ਬੜਾ ਚੇਤੰਨ ਰਹਿਣਾ ਪੈਂਦਾ ਹੈ।

? ਸਮਝੌਤੇ ਵਿਚ ਪਹਿਲੀ ਜੁਲਾਈ, 1985 ਦਾ ਜ਼ਿਕਰ ਹੈ। ਉਸ ਦਿਨ ਬਹੁਤ ਥੋੜ੍ਹਾ ਪਾਣੀ ਪੰਜਾਬ ਦੀ ਵਰਤੋਂ ਤੋਂ ਵਾਧੂ ਬਚਿਆ ਸੀ। ਉਸ ਤੋਂ ਵਧ ਪਾਣੀ ਸਮਝੌਤੇ ਅਧੀਨ ਤਾਂ ਕਿਸੇ ਹੋਰ ਰਾਜ ਨੂੰ ਨਹੀਂ ਜਾ ਸਕਦਾ। ਤੁਸੀਂ ਸਮਝੌਤੇ ਵਿਚ ਕਿਉਂ ਨੁਕਸ ਕੱਢਦੇ ਹੋ ?

— ਕੇਂਦਰ ਵਾਲਿਆਂ ਨੇ ਪਾਣੀ ਦੇ ਮਾਮਲੇ ਵਿਚ ਵੀ ਉਹੀਓ ਕੁਝ ਕਰਨਾ ਹੈ ਜੋ ਚੰਡੀਗੜ੍ਹ ਦੇ ਮਾਮਲੇ ਵਿਚ ਕੀਤਾ ਹੈ।

? ਇਕੋ ਹੀ ਦੇਸ਼ ਵਿਚ ਰਹਿੰਦਿਆਂ ਅਸੀਂ ਕੇਂਦਰ ਨਾਲ ਕਿੰਨਾ ਕੁ ਲੜ ਸਕਦੇ ਹਾਂ। ਪੰਜਾਬ ਕੋਈ ਆਂਧਰਾ ਪ੍ਰਦੇਸ਼ ਤਾਂ ਨਹੀਂ ਕਿ ਸਾਰੀ ਦੀ ਸਾਰੀ ਵਸੋਂ ਰਾਜ ਦੇ

ਹਿਤਾਂ ਦੀ ਗੱਲ ਕਰੇ ? ਅਕਾਲੀਆਂ ਨਾਲ ਕਿੰਨੀ ਕੁ ਵਸੋਂ ਹੋਰ ਹੈ ਜਿਹੜੀ ਮੋਢੇ ਨਾਲ ਮੋਢਾ ਡਾਹ ਕੇ ਪੰਜਾਬ ਦੀ ਗੱਲ ਕਰਨ ਲਈ ਤਿਆਰ ਹੈ ?

— ਜੇ ਅਸੀਂ 73 ਸੀਟਾਂ ਲੈ ਕੇ ਵੀ ਆਪਣੀ ਗੱਲ ਨਹੀਂ ਮੰਨਵਾ ਸਕਦੇ ਤਾਂ ਫੇਰ ਕਦੋਂ ਮੰਨਵਾਵਾਂਗੇ ?

? ਤੁਸੀਂ ਆਪ ਹੀ ਕਿਹਾ ਹੈ ਕਿ ਇਕੱਠੇ ਰਹਿੰਦੇ ਤਾਂ ਸ਼ਾਇਦ ਤੁਹਾਡੀ ਸਰਕਾਰ ਹੁਣ ਤਕ ਤੋੜ ਵੀ ਦਿੱਤੀ ਜਾਂਦੀ। ਮੰਨਵਾਉਂਦਾ ਕੌਣ ?

— (ਚੁੱਪ ਰਹਿ ਕੇ) ਅਸੀਂ ਬਾਹਰ ਹੋ ਕੇ "ਤੁਹਾਡੀ" ਸਰਕਾਰ ਜਿਉਂਦੀ ਰੱਖੀ ਹੋਈ ਹੈ। (ਹਾਸਾ)।

? ਇਕੱਠੇ ਹੋਣ ਦੀ ਕੋਈ ਸੰਭਾਵਨਾ ਨਹੀਂ ?

— ਨੀਅਤ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ।

? ਨੀਅਤ ਕਿਵੇਂ ਬਣੇ ?

— ਮੈਂ ਤਾਂ ਕਹਿਨਾ ਕਿ ਇਕ ਗੋਲਮੇਜ਼ ਕਾਨਫਰੰਸ ਹੋਣੀ ਚਾਹੀਦੀ ਹੈ। ਉਸ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਤੀਨਿਧ ਵੀ ਆ ਜਾਣ, ਦਮਦਮੀ ਟਕਸਾਲ ਦੇ ਵੀ, ਬਾਬਾ ਦਲ ਦੇ ਵੀ, ਸਾਡੇ ਵੀ ਤੇ ਚਲੋ ਬਰਨਾਲਾ ਸਾਹਿਬ ਦੀ ਸਰਕਾਰ ਵਾਲੇ ਵੀ। ਜੋ ਸਾਰਿਆਂ ਨੂੰ ਮਨਜ਼ੂਰ ਹੋਵੇ ਕਰ ਲੈਣਾਂ ਚਾਹੀਦਾ ਹੈ।

? ਇਹ ਤਾਂ ਸਾਰੇ ਸਿੱਖ ਹੀ ਹੋ ਗਏ।

— ਗੱਲ ਇਸ ਵੇਲੇ ਸਿੱਖਾਂ ਦੀ ਹੀ ਹੋ ਰਹੀ ਹੈ।

? ਤਾਂ ਉਸ ਵਿਚ ਕਾਂਗਰਸ (ਆਈ) ਵਾਲੇ ਵੀ ਬੁਲਾ ਲੈਣੇ ਚਾਹੀਦੇ ਹਨ। ਉਨ੍ਹਾਂ ਵਿਚ ਵੀ ਸਿੱਖ ਹਨ — ਗੁਰਬਿੰਦਰ ਕੌਰ, ਬੇਅੰਤ ਸਿੰਘ।

— ਉਨ੍ਹਾਂ ਦਾ ਕੀ ਫਾਇਦਾ ! ਉਹ ਤਾਂ ਕੇਂਦਰ ਦੀ ਆਵਾਜ਼ ਹਨ। ਜੋ ਹੁਕਮ ਮਿਲੇਗਾ ਬੋਲਣਗੇ।

? ਜਿੰਨਾ ਚਿਰ ਸਾਰੇ ਪੰਜਾਬੀ ਮਿਲ ਕੇ ਨਹੀਂ ਤੁਰਦੇ ਮੈਨੂੰ ਤਾਂ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ। ਤੁਸੀਂ ਤਾਂ ਆਪੋ ਵਿਚ ਹੀ ਫਟੇ ਪਏ ਹੋ। ਜਿਥੋਂ ਤੱਕ ਮੈਂ ਸਮਝਦਾ ਹਾਂ ਤੁਸੀਂ ਮੁੱਖ ਤੌਰ 'ਤੇ ਚਾਰ ਹੋ — ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ ਤੇ ਤੁਸੀਂ। ਤੁਸੀਂ ਅੱਗੇ ਤਾਂ ਸਾਰੇ ਇਕੱਠੇ ਹੋ ਕੇ ਨਹੀਂ ਤੁਰੇ। ਹੁਣ ਕਿਵੇਂ ਤੁਰੋਗੇ ?

— ਪਰਿਵਾਰ ਵਿਚ ਹਰ ਤਰ੍ਹਾਂ ਦੇ ਮੈਂਬਰ ਹੁੰਦੇ ਹਨ। ਅਸੀਂ ਬਹੁਤੇ ਖਿੰਡੇ ਹੋਏ ਵੀ ਨਹੀਂ।

? ਜਨਤਾ ਪਾਰਟੀ ਵਾਂਗ ਹੀ ਹੈ। ਜੋ ਚਰਨ ਸਿੰਘ, ਡਿਸਾਈ ਤੇ ਜਗਜੀਵਨ

(ਬਾਕੀ ਪੰਨਾ 14 ਉਤੇ)


PIZZA 222 TRADEMARK

(ਜਦੋਂ ਤੁਸੀਂ ਬਹੁਤਿਆਂ ਨੇ ਖਾਣਾ ਖਾਣਾ ਹੋਵੇ)

Free Delivery

Hours of operation :
Mon. - Tues. - Wed. — 4.00 p.m. — 2.00 a.m.
Thurs. Fri. Sat. — 11.00 a.m. - 3.00 a.m.
Sun. & Holidays — 11.00 a.m. to 2.00 a.m.

ਫੋਨ ਕਰੋ :
222-2222

One Pizza Number - 16 Locations
Call 222-2222



ARMY SPECIAL!
(When you have a few extra mouths to feed)

We use real cheese

3 large pizzas (30 large slices) $19.99 delivered

Party Pizzas
party with party pizzas
(20 large slices)
2 large pizzas only
$15.99 delivered

All pizzas prepared for you from fresh ingredients daily

one great price one great pizza one great number 222-2222

(ਪੰਨਾ 13 ਦੀ ਬਾਕੀ)

ਰਾਮ ਦੀ ਥਾਂ ਇਨ੍ਹਾਂ ਵਿਚੋਂ ਕੋਈ ਵੀ ਇਕ ਹੁੰਦਾ ਤਾਂ ਘੱਟੋ ਘੱਟ ਇਕ ਟਰਮ ਜ਼ਰੂਰ ਕੱਢ ਜਾਂਦੀ।

— ਮੈਂ ਤੁਹਾਡੇ ਜਿੰਨਾ ਨਿਰਾਸ਼ਾਵਾਦੀ ਨਹੀਂ।

? ਤੁਸੀਂ ਠੀਕ ਕਹਿੰਦੇ ਹੋ। ਪਰ ਮੈਨੂੰ ਪੰਜਾਬ ਦਾ ਮਸਲਾ ਬਹੁਤ ਉਲਝਿਆ ਹੋਇਆ ਜਾਪਦਾ ਹੈ। ਗੜਬੜ ਕਰਨ ਵਾਲਿਆਂ ਨੂੰ ਬੜੀ ਮਾਰ ਪੈਣੀ ਹੈ। ਬਚਣੇ ਉਹ ਵੀ ਨਹੀਂ ਜਿਹੜੇ ਗੜਬੜ ਨਹੀਂ ਕਰ ਰਹੇ। ਸਾਨੂੰ ਇਕੱਠਿਆਂ ਹੋ ਕੇ ਤੁਰਨ ਦੀ ਲੋੜ ਹੈ। ਸਖਤ ਲੋੜ। ਤੇ ਤੁਸੀਂ ਆਪਣਾ ਉਹ ਬਿੰਬ ਵੀ ਗੁਆਈ ਜਾਂਦੇ ਹੋ ਜਿਸ ਦਾ ਸਦਕਾ ਦੋਵੇਂ ਫਿਰਕੇ ਤੁਹਾਡੇ ਨਾਲ ਸਨ।

— ਇਹ ਕੰਮ ਤਾਂ ਮੀਡੀਆ ਕਰ ਰਿਹਾ ਹੈ। "ਪੰਜਾਬੀ ਟ੍ਰਿਬਿਊਨ" ਬਾਰੇ ਮੈਂ ਕੁਝ ਨਹੀਂ ਕਹਿੰਦਾ। ਇਹ ਕੰਮ ਤਾਂ ਸਰਕਾਰੀ ਮੀਡੀਆ ਕਰਦਾ ਹੈ ਜਾਂ ਫੇਰ ਨੈਸ਼ਨਲ ਪ੍ਰੈਸ। ਸਭ ਵਿਕੇ ਪਏ ਹਨ। ਪੰਜਾਬ ਨੂੰ ਟੇਢੀ ਖੀਰ ਬਣਾਉਣ ਵਿਚ ਸਭ ਦਾ ਹੱਥ ਹੈ।

? ਕਿਸੇ ਨੂੰ ਅਜਿਹਾ ਕਰਨ ਦੀ ਕੀ ਲੋੜ ਹੈ?

— ਕਿਉਂ? ਲੋੜ ਕਿਉਂ ਨਹੀਂ? ਪਹਿਲਾਂ ਤਾਂ ਪੰਜਾਬੀਆਂ ਨੂੰ ਦਹਿਸ਼ਤਵਾਦੀ, ਭਿਆਨਕ ਤੇ ਜ਼ਾਲਮ ਦਿਖਾਇਆ ਜਾਵੇਗਾ ਤੇ ਫੇਰ ਇਨ੍ਹਾਂ ਨੂੰ ਕੁੱਟਿਆ ਜਾਵੇਗਾ, ਕੁੱਟਣ ਤੋਂ ਪਿਛੋਂ ਇਹ ਸਾਬਤ ਕੀਤਾ ਜਾਵੇਗਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਹੀ ਇਹੋ ਜਿਹਾ ਸਟੈਂਡ ਲੈਣ ਦੇ ਸਮੱਰਥ ਹੈ ਤੇ ਫੇਰ ਬੁੱਕਾਂ ਦੇ ਬੁੱਕ ਵੋਟਾਂ ਮਿਲਣਗੀਆਂ। ਜਿਵੇਂ ਪਹਿਲਾਂ ਚੋਣਾਂ ਵਿਚ ਮਿਲ ਕੇ ਹਟੀਆਂ ਹਨ। ਇਹ ਸੌਦਾ ਕਿਵੇਂ ਮਾੜਾ ਹੋਇਆ?

? ਇਹ ਗੱਲ ਤਾਂ ਬੜੀ ਚਿੰਤਾ ਵਾਲੀ ਹੈ।

— ਮੈਂ ਤਾਂ ਉਸ ਫਿਰਕੇ ਬਾਰੇ ਸੋਚਦਾ ਹਾਂ ਜਿਹੜਾ ਇਸ ਵੇਲੇ ਨਾਲ ਨਹੀਂ ਤੁਰ ਰਿਹਾ। ਜਦੋਂ ਮਾਰ ਪੈਣੀ ਹੈ ਤਾਂ ਸਭ ਨੂੰ ਇਕੋ ਜਿਹੀ ਪੈਣੀ ਹੈ। ਸਾਰਾ ਪੰਜਾਬ ਨਸ਼ਟ ਹੋਵੇਗਾ। ਮੈਨੂੰ ਤਾਂ ਜੋ ਕਹੋ ਕਰਨ ਨੂੰ ਤਿਆਰ ਹਾਂ। ਪੰਜਾਬ ਤੋਂ ਬਿਨਾਂ ਮੈਂ ਹੋਰ ਕਿਸ ਰਾਜ ਬਾਰੇ ਸੋਚਣਾ ਹੈ?

? ਤੁਹਾਡੇ ਨਵੇਂ ਪੈਂਤੜੇ ਤੋਂ ਇਹ ਗੱਲ ਸਾਹਮਣੇ ਨਹੀਂ ਆਉਂਦੀ। ਸ਼ਾਇਦ ਸੋਧ ਦੀ ਲੋੜ ਹੈ।

— ਸੋਧ ਤਾਂ ਹੁਣ ਬਾਅਦ ਵਿਚ ਹੀ ਹੋਵੇਗੀ। ਸਾਨੂੰ ਤਾਂ ਇਨ੍ਹਾਂ ਨੇ ਫੜ ਹੀ ਲੈਣਾ ਹੈ। ਅਸੀਂ ਦਿੱਲੀ ਜਾ ਰਹੇ ਹਾਂ। ਸ਼ਾਇਦ ਉਥੇ ਹੀ ਫੜ ਲੈਣ।

ਸਮਾਂ ਕਾਫੀ ਹੋ ਚੁੱਕਾ ਸੀ। ਕਿਸੇ ਦਾ ਜ਼ਰੂਰੀ ਟੈਲੀਫੋਨ ਵੀ ਆ ਗਿਆ। ਮੈਂ ਆਗਿਆ ਲੈ ਕੇ ਬਾਹਰ ਨੂੰ ਤੁਰਿਆ ਤਾਂ ਸ੍ਰੀ ਬਾਦਲ ਦੀ ਆਵਾਜ਼ ਸੁਣਾਈ ਦੇ ਰਹੀ ਸੀ, "ਗ੍ਰਿਫਤਾਰੀ ਲਈ ਤਿਆਰ ਹੋ ਕੇ ਜਾਇਓ। ਕੱਛੇ ਪਜਾਮੇ ਲੈ ਲਿਓ।"

ਸ਼ਾਮ ਦੇ ਘੁਸ-ਮੁਸੇ ਵਿਚ ਲਾਅਨ ਤੇ ਵਰਾਂਡਾ ਲੋਕਾਂ ਨਾਲ ਭਰਿਆ ਹੋਇਆ ਦਿਖਾਈ ਦਿਤਾ। ਲਗਭਗ ਸਾਰੇ ਹੀ ਨੌਜਵਾਨ ਸਨ ਜਾਂ ਨੌਜਵਾਨਾਂ ਵਰਗੇ। ਏਨੇ ਨੌਜਵਾਨ ਕਿਥੋਂ ਆ ਗਏ? ਇਹ ਸੋਚ ਕੇ ਮੈਨੂੰ ਚੇਤਾ ਆਇਆ ਕਿ ਵਿਦਿਆਰਥੀ ਸੰਗਠਨਾਂ ਦਾ ਚੰਡੀਗੜ੍ਹ ਵਿਚ ਮੁਜ਼ਾਹਰਾ ਹੋ ਕੇ ਹਟਿਆ ਸੀ। ਸ਼ਾਇਦ ਉਥੋਂ ਆਏ ਹੋਣਗੇ। ਦਰ ਉਤੇ ਭੀੜ ਭੜੱਕੇ ਬਿਨਾਂ ਤਾਂ ਰਾਜਨੀਤਕ ਨੇਤਾ ਦਾ ਕੋਈ ਰੂਪ ਹੀ ਨਹੀਂ ਨਿਖਰਦਾ। ਨੌਜਵਾਨਾਂ ਦਾ ਇਕੱਠ ਜਿਵੇਂ ਇਸ ਗੱਲ ਉਤੇ ਮੋਹਰ ਲਾ ਰਿਹਾ ਹੋਵੇ ਕਿ ਸ: ਪ੍ਰਕਾਸ਼ ਸਿੰਘ ਬਾਦਲ ਸਭ ਕੁਝ ਦੇ ਬਾਵਜੂਦ ਹਰਮਨ ਪਿਆਰਾ ਹੈ।

## ਜ਼ਰਾ ਹੱਸ ਲਓ!

ਇਕ ਮਰਾਸੀ ਦੀ ਇਕ ਲੱਖ ਰੁਪੈ ਦੀ ਲਾਟਰੀ ਨਿਕਲੀ। ਉਹਨੇ ਇਹ ਖਬਰ ਖੁਸ਼ੀ ਖੁਸ਼ੀ ਆ ਕੇ ਆਪਣੇ ਘਰਦਿਆ ਨੂੰ ਸੁਣਾਈ। ਮਰਾਸੀ ਦੀ ਵਹੁਟੀ ਕਹਿਣ ਲੱਗੀ 'ਏਨੀ ਦੌਲਤ ਅਸੀ ਕੀ ਕਰਾਂਗੇ।'

ਮਰਾਸੀ ਨੇ ਉੱਤਰ ਦਿੱਤਾ. 'ਕੋਠੀ ਨੌਕਰ-ਚਾਕਰ ਤੇ ਕਾਰ...' ਕਾਰ ਦਾ ਨਾਂਅ ਸੁਣਦੇ ਹੀ ਮਰਾਸੀ ਦੀ ਕੁੜੀ ਬੜੀ ਖੁਸ਼ੀ ਵਿਚ ਉਛਲੀ ਅਤੇ ਬੋਲੀ. 'ਆਹਾ. ਕਿੰਨਾ ਮਜ਼ਾ ਆਏਗਾ ਜਦ ਕਾਰ ਵਿਚ ਬੈਠਕੇ ਮੰਗਿਆ ਕਰਾਂਗੇ।'

ਪੇਸ਼ਕਸ਼-ਹਰਪ੍ਰੀਤ ਕੌਰ

# ਸ਼ੁਭ ਵਿਆਹ!



ਹਰਪਾਲ ਸ਼ਰਮਾ ਤੇ ਗੀਤਾ ਜਿਨ੍ਹਾਂ ਦਾ ਵਿਆਹ ਪਿਛਲੇ ਦਿਨੀਂ ਕਿਟੀਮੈਟ ਵਿਚ ਹੋਇਆ



ਵਿਆਹ ਸਮੇਂ ਹਾਜ਼ਰ ਵਿਅਕਤੀਆਂ ਵਿਚ ਬ੍ਰਿਜ ਸ਼ਰਮਾ, ਮਰੈਲਾ ਪਰਵਾਰ; ਪਾਲ ਤੇ ਸ਼ੁਕੰਤਲਾ ਸ਼ਰਮਾ ਮੌਡਗਿਲ ਪ੍ਰਵਾਰ, 'ਕੈਨੇਡਾ ਦਰਪਣ' ਦੇ ਸੰਪਾਦਕ ਦਰਸ਼ਨ ਗਿੱਲ, ਜਗਤਾਰ ਗਿੱਲ, ਹਾਕਮ ਹਾਂਸ, ਹਰਪਾਲ ਤੇ ਗੀਤਾ ਸ਼ਰਮਾ

6 ਅਗਸਤ 1945 ਨੂੰ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ ਹੋਏ ਐਟਮੀ ਹਮਲੇ 'ਚ ਮਰਨ ਵਾਲਿਆ ਦੀ ਯਾਦ ਚ ਬੀਤੇ ਦਿਨ ਨਵੀਂ ਦਿੱਲੀ 'ਚ ਐਟਮੀ ਜੰਗ ਦੇ ਖਤਰਿਆਂ ਵਿਰੁਧ ਨੰਨ੍ਹੇ-ਮੁੰਨ੍ਹੇ ਬੱਚਿਆਂ ਦੀ ਅਗਵਾਈ ਚ ਕੀਤੇ ਗਏ ਮਾਰਚ ਦਾ ਦ੍ਰਿਸ਼।




ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ
ਦੀਆਂ ਕਤਾਰਾਂ ਦੇਖਣ ਲਈ ਅੱਜ ਹੀ
ਗੁਰਦੀਪ ਮੁੱਤੀ ਨੂੰ ਫੋਨ ਕਰੋ


ਗੁਰਦੀਪ (ਗੌਰਡੀ) ਮੁੱਤੀ

Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ।
ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ
BUS. 520-3055 RES. 521-2184

MERCURY LINCOLN
Ph. 520-3055
301 STEWARDSON WAY, NEW WESTMINSTER, B.C. V3M 2A5
New-West Lincoln Mercury
12th & 3rd Ave. New Westminister, B.C.

# ਚਰਿੱਤਰ ਨਿਰਮਾਣ ਅਤੇ ਰਾਸ਼ਟਰਵਾਦ

**ਪ੍ਰਿਥੀਪਾਲ ਸਿੰਘ ਸੋਹੀ**

ਸ੍ਰੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਕੁਝ ਸਮਾਂ ਬਾਦ ਹੀ ਉਨ੍ਹਾਂ ਦੇ ਸਕੱਤਰੇਤ ਵਿਚ ਇਕ ਹਲਚਲ ਜਿਹੀ ਮੱਚੀ ਸੀ। ਕਈ ਉਚ ਕੋਟੀ ਦੇ ਅਫਸਰਾਂ ਨੂੰ ਦੇਸ਼-ਧਰੋਹੀ ਦੇ ਕਾਨੂੰਨ ਅਧੀਨ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਛੋਟੇ ਛੋਟੇ ਲਾਲਚਾਂ ਪਿਛੇ ਦੇਸ਼ ਦੇ ਅਹਿਮ ਗੁਪਤ ਭੇਤ ਵੱਡੀਆਂ ਤਾਕਤਾਂ ਨੂੰ ਦੱਸੇ ਸਨ।

ਪਰ ਇਥੇ ਗੱਲ ਸਿਰਫ ਪ੍ਰਧਾਨ ਮੰਤਰੀ ਸਕੱਤਰੇਤ ਦੀ ਹੀ ਨਹੀਂ ਸਗੋਂ ਇਥੇ ਤਾਂ ਛੋਟੇ ਤੋਂ ਛੋਟੇ ਦਫਤਰ ਤੋਂ ਲੈ ਕੇ ਪਾਰਲੀਮੈਂਟ ਤਕ ਫਾਈਲਾਂ ਗੁੰਮ ਹੋ ਜਾਂਦੀਆਂ ਹਨ। ਬਾਹਰਲੇ ਦੇਸ਼ਾਂ ਨਾਲ ਸਮਝੌਤੇ ਕਰਨ ਗਏ ਮੰਤਰੀ ਅਤੇ ਅਧਿਕਾਰੀ ਘਟੀਆ ਮਾਲ ਦੇ ਸੌਦੇ ਕਰ ਆਉਂਦੇ ਹਨ। ਉਹ ਕਈ ਵਾਰ ਰਿਸ਼ਵਤਾਂ ਲੈ ਕੇ ਵੱਡੀਆਂ ਤਾਕਤਾਂ ਦਾ ਰੱਦ ਕੀਤਾ ਮਾਲ ਗਰੀਬ ਕਰਜ਼ਾਈ ਭਾਰਤ ਦੇ ਵਿਕਾਸ ਲਈ ਲੈ ਆਉਂਦੇ ਹਨ। ਜਦੋਂ ਇਸ ਦੇਸ਼ ਵਿਚ ਮੰਤਰੀ ਅਤੇ ਵੱਡੇ ਅਫਸਰ ਵੀ ਦੇਸ਼ ਪ੍ਰਤੀ ਇਮਾਨਦਾਰ ਨਹੀਂ ਹਨ ਤਾਂ ਉਨ੍ਹਾਂ ਦੇ ਕੌਮੀ ਏਕਤਾ ਅਤੇ ਰਾਸ਼ਟਰਵਾਦ ਦੇ ਨਾਅਰਿਆਂ ਦਾ ਆਮ ਲੋਕਾਂ ਉਪਰ ਕੀ ਅਸਰ ਹੋ ਸਕਦਾ ਹੈ? ਜਦੋਂ ਹਾਕਮਾਂ ਵਿਚ ਸੌੜੇ ਹਿਤਾਂ ਦਾ ਵਾਧਾ ਹੈ ਅਤੇ ਰਾਸ਼ਟਰਵਾਦ ਦੀ ਘਾਟ ਹੈ ਤਾਂ ਵਿਚਾਰੀ ਜਨਤਾ ਨੂੰ ਹੀ ਦੋਸ਼ ਕਿਉਂ ਦਿੱਤਾ ਜਾਵੇ? ਆਖਰ ਅਜਿਹਾ ਕਿਉਂ ਹੈ?

ਇਸ ਦੇ ਕਾਰਨ ਤਾਂ ਹੋਰ ਵੀ ਬਹੁਤ ਹੋ ਸਕਦੇ ਹਨ ਪਰ ਵਧੇਰੇ ਸਬੰਧ ਚਰਿੱਤਰ ਨਿਰਮਾਣ ਦੀ ਸਮੱਸਿਆ ਨਾਲ ਹੈ। ਜੇ ਇਹ ਕਹਿ ਲਿਆ ਜਾਵੇ ਕਿ ਭਾਰਤ ਦੀ ਹਿਲ ਰਹੀ ਇਮਾਰਤ ਦੀਆਂ ਨੀਹਾਂ ਕੱਚੀ ਮਿੱਟੀ 'ਤੇ ਅਧਾਰਤ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਸੇ ਵੀ ਕੌਮ ਜਾਂ ਦੇਸ਼ ਦੀ ਮਜ਼ਬੂਤੀ ਉਸ ਦੇ ਲੋਕਾਂ ਦੀ ਕੱਟੜ ਰਾਸ਼ਟਰਵਾਦ ਦੀ ਭਾਵਨਾ 'ਤੇ ਅਧਾਰਤ ਹੁੰਦੀ ਹੈ। ਰਾਸ਼ਟਰਵਾਦ ਦੀ ਭਾਵਨਾ ਦਾ ਵਿਅਕਤੀਆਂ ਦੇ ਚਰਿੱਤਰ ਨਿਰਮਾਣ ਦੀ ਸਮੱਸਿਆ ਨਾਲ ਬਹੁਤ ਨੇੜੇ ਦਾ ਸਬੰਧ ਹੈ। ਕਿਸੇ ਕੌਮ ਦਾ ਚਰਿੱਤਰ ਨਿਰਮਾਣ ਗੱਲਾਂਬਾਤਾਂ ਜਾਂ ਨਾਅਰਿਆਂ ਨਾਲ ਸਥਾਪਤ ਨਹੀਂ ਹੁੰਦਾ। ਇਸ ਮੰਤਵ ਦੀ ਪੂਰਤੀ ਬਹੁਤ ਲੰਬੇ ਸਮੇਂ ਵਿਚ ਹੁੰਦੀ ਹੈ। ਇਸ ਦੀਆਂ ਨੀਹਾਂ ਖੂਨ ਨਾਲ ਰੰਗੀਆਂ ਹੁੰਦੀਆਂ ਹਨ। ਇਸ ਲਈ ਔਖੀਆਂ ਘੜੀਆਂ ਦੀ ਦਾਸਤਾਂ ਅਤੇ ਕੁਰਬਾਨੀਆਂ ਦੇ ਸੁਨਹਿਰੀ ਇਤਿਹਾਸ ਦੀ ਜ਼ਰੂਰਤ ਹੁੰਦੀ ਹੈ।

ਇਸ ਮੰਤਵ ਲਈ ਰਾਜਨੀਤਕ ਅਤੇ ਸਮਾਜਕ ਹਾਕਮਾਂ ਨੂੰ ਇਕ ਠੋਸ, ਬੇਦਾਗ ਅਤੇ ਸੁਚੱਜਾ ਮਾਹੌਲ ਪ੍ਰਦਾਨ ਕਰਨਾ ਪੈਂਦਾ ਹੈ। ਇਸ ਲਈ ਹਰ ਵਿਅਕਤੀ ਨੂੰ ਸਮਾਜ ਲਈ ਆਪਣੇ ਸੁਆਰਥ ਦਾ ਤਿਆਗ ਕਰਨਾ ਹੁੰਦਾ ਹੈ। ਅਜਿਹੀ ਸਖਤ ਮਿਹਨਤ ਤੋਂ ਬਾਅਦ ਇਕ ਚਰਿਤਰ ਭਰਪੂਰ ਸਮਾਜ ਉਸਾਰਿਆ ਜਾ ਸਕਦਾ ਹੈ। ਇਸ ਸਮਾਜ ਵਿਚ ਹਰ ਵਿਅਕਤੀ ਵਿਚ ਪੂਰਨ ਨਾਗਰਿਕ ਗੁਣਾਂ — ਕੁਰਬਾਨੀ, ਸਹਿਣਸ਼ੀਲਤਾ, ਨਿਰ-ਸੁਆਰਥ ਭਾਵਨਾ, ਸਦਭਾਵਨਾ ਅਤੇ ਪਿਆਰ ਦਾ ਵਾਸਾ ਹੁੰਦਾ ਹੈ। ਜਦੋਂ ਇਕ ਵਾਰ ਕਿਸੇ ਕੌਮ ਦਾ ਚਰਿਤਰ ਨਿਰਮਾਣ ਹੋ ਜਾਵੇ ਫਿਰ ਇਸ ਨੂੰ ਕਾਇਮ ਰੱਖਣ ਲਈ ਕੁਝ ਕਦਰਾਂ ਕੀਮਤਾਂ ਦੀ ਕਦਰ ਕਰਨੀ ਪੈਂਦੀ ਹੈ, ਪਰ ਜੇ ਇਹ ਸਥਾਪਤ ਹੀ ਨਾ ਹੋ ਸਕੇ ਜਾਂ ਕਾਇਮ ਨਾ ਰੱਖਿਆ ਜਾ ਸਕੇ ਤਾਂ ਇਸ ਦਾ ਹਰ ਕੌਮ ਨੂੰ ਭਾਰੀ ਨੁਕਸਾਨ ਹੁੰਦਾ ਹੈ। ਭਾਰਤ ਅੱਜ ਇਸੇ ਹੀ ਸਮੱਸਿਆ ਦਾ ਸ਼ਿਕਾਰ ਹੈ। ਇਥੇ ਵੀ ਹਾਲੀਂ ਚਰਿੱਤਰ ਨਿਰਮਾਣ ਨਹੀਂ ਹੋ ਸਕਿਆ।

## ਸੋਸ਼ਣ

ਭਾਰਤੀ ਲੋਕਾਂ ਦਾ ਚਰਿੱਤਰ ਨਿਰਮਾਣ ਕਿਉਂ ਨਹੀਂ ਹੋ ਸਕਿਆ? ਇਸ ਦੇ ਰਾਜਨੀਤਕ ਅਤੇ ਆਰਥਿਕ ਕਾਰਨ ਹਨ। ਭਾਰਤ ਦੇ ਸਥਾਪਤ ਸਮਾਜਕ ਮਾਹੌਲ ਨੂੰ ਇਹ ਪਹਿਲੇ ਦੋਵੇਂ ਸਿਸਟਮ ਸੁਧਾਰ ਨਾ ਸਕੇ। ਸਗੋਂ ਇਸ ਧਰਮ, ਜਾਤ, ਰੰਗ, ਨਸਲ, ਭਾਸ਼ਾ 'ਤੇ ਅਧਾਰਤ ਸਮਾਜਕ ਮਾਹੌਲ ਨੇ ਰਾਜਨੀਤਕ ਅਤੇ ਆਰਥਿਕ ਪ੍ਰਣਾਲੀ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਜਾਂ ਰਾਜਨੀਤਕ ਅਤੇ ਆਰਥਿਕ ਸ਼ਕਤੀਆਂ ਨੇ ਆਪਣੇ ਸੁਆਰਥ ਲਈ ਸਮਾਜਕ ਮਾਹੌਲ ਨੂੰ ਆਪਣੇ ਮੰਤਵ ਲਈ ਵਰਤਿਆ। ਅਫਸੋਸ ਵਾਲੀ ਗੱਲ ਇਹ ਹੈ ਕਿ ਇਹ ਸਮਾਜਕ ਸ਼ੋਸ਼ਣ 'ਧਰਮ-ਨਿਰਪੱਖ' ਦੇ ਨਾਅਰੇ ਅਧੀਨ ਕੀਤਾ ਗਿਆ।

ਕੁਝ ਅੰਤਰਰਾਸ਼ਟਰੀ ਹਾਲਾਤ ਕਾਰਨ ਅਤੇ ਕੁਝ ਅੰਦਰੂਨੀ ਗੜਬੜ ਕਾਰਨ ਅੰਗਰੇਜ਼ਾਂ ਨੂੰ ਜਦੋਂ ਇਹ ਸਪੱਸ਼ਟ ਹੋ ਗਿਆ ਕਿ ਹੁਣ ਭਾਰਤ 'ਤੇ ਕੰਟਰੋਲ ਨਹੀਂ ਰੱਖਿਆ ਜਾ ਸਕਦਾ ਤਾਂ ਉਨ੍ਹਾਂ ਸ਼ਾਂਤਮਈ ਨੀਤੀ ਦੇ ਪੈਰੋਕਾਰਾਂ ਨੂੰ, ਜਿਨ੍ਹਾਂ ਦੀ ਸਥਾਪਨਾ ਇਕ ਲੰਮਾ ਸਮਾਂ ਪਹਿਲਾਂ ਉਨ੍ਹਾਂ ਨੇ ਹੀ ਕੀਤੀ ਸੀ, ਰਾਜ ਭਾਗ ਸੌਂਪ ਦਿਤਾ। ਇਹ ਰਾਜ ਭਾਗ ਇਸ ਤਰ੍ਹਾਂ ਸੌਂਪਿਆ ਗਿਆ ਜਿਸ ਨਾਲ ਕਿ ਉਨ੍ਹਾਂ ਦੇ ਕੁਝ ਹਿਤ ਪੂਰਨ ਤੌਰ 'ਤੇ ਸੁਰੱਖਿਅਤ ਰਹਿਣ। ਜਿਨ੍ਹਾਂ ਲੋਕਾਂ ਨੂੰ ਰਾਜ ਭਾਗ ਸੌਂਪਿਆ ਗਿਆ ਉਨ੍ਹਾਂ ਵਿਚ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਸੀ ਜਿਨ੍ਹਾਂ ਨੇ ਇੰਗਲੈਂਡ ਤੋਂ ਹੀ ਸਿਖਿਆ ਪ੍ਰਾਪਤ ਕੀਤੀ ਸੀ ਅਤੇ ਜੋ ਭਾਰਤ ਦੀ ਚੰਗੀ ਖਾਂਦੀ ਪੀਂਦੀ ਸ਼੍ਰੇਣੀ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਜਦੋਂ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ ਤਾਂ ਆਪਣੇ ਮਾਲਕਾਂ ਵਾਲੀ ਰਾਜਨੀਤਕ ਪ੍ਰਣਾਲੀ ਦੀਆਂ ਹੀ ਬਹੁਤੀਆਂ ਕਦਰਾਂ-ਕੀਮਤਾਂ ਨੂੰ ਅਪਣਾ ਲਿਆ ਕਿਉਂਕਿ ਇਸ ਪ੍ਰਣਾਲੀ ਅਧੀਨ ਲੋਕ ਰਾਜ ਇਕ ਅਜਿਹੀ ਛੱਤਰੀ ਹੈ ਜਿਸ ਦੀ ਛਾਂ ਹੇਠ ਖਾਂਦੀ ਪੀਂਦੀ ਸ਼੍ਰੇਣੀ ਦੇ ਹਿਤਾਂ ਦੀ ਰਖਵਾਲੀ ਵਧੇਰੇ ਹੋ ਸਕਦੀ ਹੈ। ਇਨ੍ਹਾਂ ਨੇ ਜੋ ਸੰਸਦੀ ਲੋਕਤੰਤਰੀ ਪ੍ਰਣਾਲੀ ਨੂੰ ਭਾਰਤ ਦੇ ਅਨਪੜ੍ਹ, ਘੱਟ ਸੁਚੇਤ, ਪਿਛਾਂਹ ਖਿਚੂ ਸਮਾਜ ਲਈ ਚੁਣਿਆ ਉਸ ਵਿਚ ਚਰਿਤਰ ਨਿਰਮਾਣ ਦੀ ਸਥਾਪਨਾ ਕਰਨਾ ਬਹੁਤ ਹੀ ਔਖਾ ਹੈ।

ਉਸ ਸਮੇਂ ਭਾਰਤੀ ਸਮਾਜ ਵਿਚ ਜਗੀਰਦਾਰੀ ਰੁਚੀਆਂ ਦੀ ਭਰਮਾਰ ਹੋਣ ਕਾਰਨ ਸਮਾਨਤਾ ਦੀ ਧਾਰਨਾ ਲੋਕਾਂ ਵਿਚ ਘਰ ਨਾ ਕਰ ਸਕੀ। ਆਰਥਿਕ ਤਰੱਕੀ ਦਾ ਰਾਹ ਉਦਾਰ-ਲੋਕਤੰਤਰ ਅਧੀਨ, ਅਜਿਹਾ ਨਿਰਧਾਰਤ ਕੀਤਾ ਗਿਆ ਜਿਸ ਵਿਚ ਪੂੰਜੀਪਤੀ ਵਧੇਰੇ ਲਾਭ ਪ੍ਰਾਪਤ ਕਰ ਸਕਦੇ ਸਨ। ਇਹੀ ਕਾਰਨ ਹੈ ਕਿ ਅੱਜ ਤੱਕ ਵੀ ਆਰਥਿਕ ਤਰੱਕੀ ਦੀਆਂ ਜੋ ਸਕੀਮਾਂ ਅਪਣਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਵਧੇਰੇ ਲਾਭ ਪਹਿਲਾਂ ਹੀ ਅਮੀਰ ਸ਼੍ਰੇਣੀ ਨੂੰ ਹੁੰਦਾ ਹੈ। ਇਸ ਕਾਰਨ ਅਮੀਰ ਵਧੇਰੇ ਅਮੀਰ ਅਤੇ ਗਰੀਬ ਵਧੇਰੇ ਗਰੀਬ ਹੋ ਰਿਹਾ ਹੈ। ਇਸ ਦਾ ਇਕ ਹੋਰ ਸਿੱਟਾ ਇਹ ਵੀ ਨਿਕਲ ਰਿਹਾ ਹੈ ਕਿ ਲੋਕਤੰਤਰੀ ਸਰਕਾਰ ਉਪਰ ਇਸ ਅਮੀਰ ਸ਼੍ਰੇਣੀ ਦਾ ਕੰਟਰੋਲ ਵਧਦਾ ਜਾ ਰਿਹਾ ਹੈ।

## ਕੰਟਰੋਲ

ਪਛੜੇ ਰਾਜਨੀਤਕ ਸਭਿਆਚਾਰ ਵਾਲੇ ਸਮਾਜ ਵਿਚ ਵੋਟਾਂ ਵਿਚ ਪੈਸੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਚੰਗੀਆਂ ਪ੍ਰਭਾਵਸ਼ਾਲੀ ਪਾਰਟੀਆਂ ਦੀ ਉਮੀਦਵਾਰੀ ਟਿਕਟ ਤੇ ਵੋਟਾਂ ਲੈਣ ਲਈ ਪੈਸੇ ਦੀ ਬਹੁਤ ਜ਼ਰੂਰਤ ਹੁੰਦੀ ਹੈ। ਇਸ ਕਾਰਨ ਗਰੀਬ ਵਿਅਕਤੀ ਭਾਵੇਂ ਉਹ ਕਿੰਨਾ ਹੀ ਸੂਝਵਾਨ ਅਤੇ ਇਮਾਨਦਾਰ ਕਿਉਂ ਨਾ ਹੋਵੇ, ਚੋਣਾਂ ਵਿਚ ਖੜ੍ਹਾ ਨਹੀਂ ਹੋ ਸਕਦਾ। ਇਸ ਲਈ ਸੰਸਦੀ ਲੋਕਤੰਤਰ ਲੋਕਾਂ ਦਾ ਨਹੀਂ ਸਗੋਂ ਕੁਝ ਖਾਸ ਲੋਕਾਂ ਦਾ ਹੀ ਸਾਸ਼ਨ ਹੁੰਦਾ ਹੈ।

ਅਜਿਹੇ ਰਾਜਨੀਤਕ ਅਤੇ ਆਰਥਿਕ ਮਾਹੌਲ ਵਿਚ ਜਿਸ ਤਰ੍ਹਾਂ ਦੇ ਸਮਾਜ ਦੀ ਸਥਾਪਨਾ ਹੁੰਦੀ ਹੈ ਉਸ ਵਿਚ ਵਿਅਕਤੀਵਾਦੀ ਅਤੇ ਪਦਾਰਥਵਾਦੀ ਰੁਚੀਆਂ ਦੀ ਭਰਮਾਰ ਹੋਣੀ ਲਾਜ਼ਮੀ ਹੀ ਹੁੰਦੀ ਹੈ। ਜਿਥੇ ਸੁਆਰਥੀ ਭਾਵਨਾ ਹੁੰਦੀ ਹੈ ਉਥੇ ਰਾਸ਼ਟਰਵਾਦ ਦੀ ਭਾਵਨਾ ਨਹੀਂ ਹੋ ਸਕਦੀ। ਇਸ ਲਈ ਕੌਮ ਦਾ ਚਰਿੱਤਰ ਨਿਰਮਾਣ ਨਹੀਂ ਹੋ ਸਕਦਾ। ਇਸ ਕਾਰਨ ਹਰ ਵਿਅਕਤੀ ਨੂੰ ਸਭ ਤੋਂ ਪਹਿਲਾਂ ਆਪਣਾ ਆਪ, ਫਿਰ ਪਰਿਵਾਰ, ਪਿੰਡ, ਇਲਾਕਾ ਅਤੇ ਬਾਅਦ ਵਿਚ ਦੇਸ਼ ਨਾਲ ਲਗਾਉ ਹੈ। ਇਸ ਕਾਰਨ ਕੋਈ ਵਿਅਕਤੀ ਸਮੁੱਚੇ ਰਾਸ਼ਟਰ ਲਈ ਕੰਮ ਕਿਵੇਂ ਕਰ ਸਕਦਾ ਹੈ?

ਪੰਡਤ ਨਹਿਰੂ, ਉਨ੍ਹਾਂ ਦੀ ਧੀ ਇੰਦਰਾ ਗਾਂਧੀ ਅਤੇ ਹੁਣ ਦੋਹਤਾ ਰਾਜੀਵ ਗਾਂਧੀ ਕੇਵਲ ਨਾਅਰਿਆਂ ਨਾਲ ਹੀ ਚਰਿੱਤਰ ਅਤੇ ਰਾਸ਼ਟਰੀ ਨਿਰਮਾਣ ਕਰਨਾ ਚਾਹੁੰਦੇ ਰਹੇ ਹਨ। ਥੋੜ੍ਹੇ ਸਮੇਂ ਲਈ ਆਏ ਮੁਰਾਰਜੀ ਡਿਸਾਈ ਤਾਂ ਇਨ੍ਹਾਂ ਨਾਲੋਂ ਵੀ ਵੱਧ ਚਰਿੱਤਰ ਨਿਰਮਾਣ ਦੀਆਂ ਸਮੱਸਿਆਵਾਂ ਪੈਦਾ ਕਰ ਗਏ। ਅਜ ਜਿਸ ਤਰ੍ਹਾਂ ਦਾ ਰਾਜਨੀਤਕ, ਆਰਥਿਕ ਅਤੇ ਸਮਾਜਕ ਸਿਸਟਮ ਸਥਾਪਤ ਹੋ ਗਿਆ ਹੈ ਇਸ ਵਿਚ ਰਾਸ਼ਟਰੀ ਚਰਿੱਤਰ ਦਾ ਨਿਰਮਾਣ ਕਰਨਾ ਬਹੁਤ ਮੁਸ਼ਕਲ ਹੈ।

ਅੱਜ ਭਾਰਤ ਜੇ ਅਤਿਵਾਦ, ਵੱਖਵਾਦ, ਧਰਮ-ਨਿਰਪੱਖ ਵਿਰੋਧੀ ਅਤੇ ਭਾਸ਼ਾਵਾਦੀ ਤਾਕਤਾਂ ਦਾ ਮੁਕਾਬਲਾ ਕਰਨਾ ਚਾਹੁੰਦਾ ਹੈ, ਲੋਕਾਂ ਵਿਚ ਸਹੀ ਰੂਪ ਵਿਚ ਕੌਮੀ ਏਕਤਾ ਅਤੇ ਰਾਸ਼ਟਰਵਾਦ ਦੀ ਭਾਵਨਾ ਦਾ ਵਿਕਾਸ ਕਰਨਾ ਚਾਹੁੰਦਾ ਹੈ ਤਾਂ ਇਸ ਨੂੰ ਰਾਜਨੀਤਕ ਅਤੇ ਆਰਥਿਕ ਢਾਂਚੇ ਵਿਚ ਕੁਝ ਬੁਨਿਆਦੀ ਤਬਦੀਲੀਆਂ ਕਰਨੀਆਂ ਪੈਣਗੀਆਂ। ਅਜਿਹੀਆਂ ਤਬਦੀਲੀਆਂ ਜਿਨ੍ਹਾਂ ਕਾਰਨ ਵਿਅਕਤੀਵਾਦੀ ਅਤੇ ਪਦਾਰਥਵਾਦੀ ਸੁਆਰਥੀ ਰੁਚੀਆਂ ਦਾ ਖਾਤਮਾ ਹੋ ਸਕੇ।

ਫੈਲਿਆ ਬ੍ਰਹਿਮੰਡ ਅੰਦਰ ਖੂਨ ਦਾ ਕਤਰਾ ਲਿਖਾਂ।
ਹੁਣ ਘਰਾਂ 'ਚੋਂ ਜ਼ਿੰਦਗੀ ਦਾ ਜ਼ਿਕਰ ਹੈ ਮਰਿਆ ਲਿਖਾਂ।

--0--

ਸਮਝ ਨਹੀਂ ਆਉਂਦੀ ਕਿਵੇਂ ? ਸਿਆਹ ਦੌਰ ਦੀ ਗਾਥਾ ਲਿਖਾਂ।
ਦਰਦ ਵਿਚ ਭਿੱਜੇ ਇਨ੍ਹਾਂ ਸ਼ਬਦਾਂ ਦਾ ਕੀ ? ਨਗਮਾ ਲਿਖਾਂ।

--0--

ਪੰਨਾ 16 ਦੀ ਬਾਕੀ

ਕੋਟ ਅਤੇ ਪੈਂਟ ਦੀਆਂ ਜੇਬਾਂ ਫਰੋਲੀਆਂ। ਉਥੇ ਵੀ ਨਹੀਂ ਸੀ। ਕਿੱਧਰ ਗਈ ਚਿੱਠੀ ਉਹਨੇ ਤਣਾਓ 'ਚ ਆਏ ਨੇ ਆਪਣੀ ਸੋਚ ਉਤੇ ਜ਼ੋਰ ਪਾਇਆ। ਮੁੜ ਕੁਰਸੀ ਉਤੇ ਆ ਬੈਠਾ। ਸੋਚਦਾ ਰਿਹਾ .... ਸੋਚਦਾ ਰਿਹਾ। ਉਹਦੇ ਹੱਥ ਬੋਤੇ ਜਿਹੇ ਕੰਬੇ। ਉਹ ਬੋਤਲ ਵੱਲ ਅਹੁਲਿਆ। ਹੁਣ ਤੀਜਾ ਪੈਗ ਉਹਦੇ ਹੱਥ ਦੀ ਇਕੋ ਜੁੰਬਸ਼ ਦੀ ਇੰਤਜ਼ਾਰ ਵਿਚ ਸੀ।

ਮਿਤਲ ਅਜੇ ਤੱਕ ਨਹੀਂ ਸੀ ਆਇਆ।

ਹੁਣ ਉਸਦੇ ਆਉਣ ਦੀ ਆਸ ਦਮ ਤੋੜ ਰਹੀ ਸੀ।

"ਬਾਸਟਰਡ ... ਮਿਤਲ ਦੇ ਨਾਂ! ਕਹਿੰਦਿਆਂ ਉਹਨੇ ਤੀਜਾ ਪੈਗ ਵੀ ਪੀ ਲਿਆ। ਪੀਣ ਦੇ ਕੁਝ ਪਲਾਂ ਪਿਛੋਂ ਹੀ ਉਹਨੂੰ ਅਹਿਸਾਸ ਹੋਇਆ ਜਿਵੇਂ ਉਹ ਇਕ ਦਮ ਤਰੋ-ਤਾਜ਼ਾ ਹੋ ਗਿਆ ਹੋਵੇ। ਐਨ੍ਹ ਘੋੜੇ ਵਰਗਾ। ਹੁਣ ਤਣਾਓ ਵੀ ਨਹੀਂ ਸੀ ਰਿਹਾ। ਉਹਦੀ ਯਾਦਸ਼ਕਤੀ ਪਰਤ ਆਈ। ਸਾਈਡ ਦਾ ਦਰਾਜ਼ ਖੋਲ੍ਹਿਆ ਤਾਂ ਸਾਹਮਣੇ ਸਤ ਪ੍ਰਕਾਸ਼ ਦੀ ਚਿੱਠੀ ਪਈ ਸੀ। ਉਹਨੇ ਚੁੱਕਕੇ ਪੜ੍ਹਨੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਹਨੂੰ ਸੰਬੋਧਨ ਪੜ੍ਹਕੇ ਹੀ ਧੱਕਾ ਜਿਹਾ ਲੱਗਿਆ। ਪਹਿਲੀ ਵਾਰ ਪੜ੍ਹਨ 'ਤੇ ਉਹਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ ਹੋਇਆ। ਪੰਜਾਬੀ ਵਿਚ ਲਿਖੀ ਇਸ ਚਿੱਠੀ ਵਿਚ ਸਤ ਪ੍ਰਕਾਸ਼ ਨੇ ਨਾ 'ਅਜ਼ੀਜ਼' ਸ਼ਬਦ ਵਰਤਿਆ ਅਤੇ ਨਾ ਹੀ "ਜੈ ਜੈ ਸੀਆ ਰਾਮ।" ਸਿੱਧਾ ਹੀ ਲਿਖ ਦਿਤਾ: ਪਿਆਰੇ ਬ੍ਰਹਮ ਪ੍ਰਕਾਸ਼। ਅਗਲੀਆਂ ਚਾਰ ਪੰਜ ਸਤਰਾਂ ਇਉਂ ਉਘੜੀਆਂ:

"ਤੈਨੂੰ ਤਾਂ ਮਲੂਮ ਈ ਐ। ਚੰਡੀਗੜ੍ਹ ਰਹਿਨੈਂ। ਬਈ, ਪੰਜਾਬ ਦੇ ਹਾਲਾਤ ਠੀਕ ਨੀ। ਉਂ ਏਧਰ ਖਤਰੇ ਆਲੀ ਕੋਈ ਬਾਤ ਨੀ। ਪਰ ਕੀ ਭਰੋਸਾ? ਨਾ ਜਾਣੀਏ ਕਦੋਂ ਕੁਸ਼ ਹੋ ਜੇ। ਮੇਰਾ ਚਿੱਤ ਬੁਝਿਆ ਬੁਝਿਆ ਜਿਹਾ ਰਹਿੰਦੈ। ਤੂੰ ਖਤ ਮਿਲਦੇ ਸਾਰ ਆ ਜਾ। ਨਾਲੇ ਤਾਰੇ ਲਫੈਂਡ ਨੂੰ ਵੀ ਚੁਕੰਨਾ ਕਰ ਜਾ। ਅੱਗੇ ਤੂੰ ਖੁਦ ਸਮਝਦਾਰ ਐਂ।

ਖੈਰ ਅੰਦੇਸ਼,
ਸਤ ਪ੍ਰਕਾਸ਼।

ਚਿੱਠੀ ਪੜ੍ਹਕੇ ਉਹ ਕੁਝ ਪਰੇਸ਼ਾਨ ਹੋਇਆ। ਫੇਰ ਠਠੰਬਰਿਆ। ਹੁਣ ਉਹਨੇ ਸਤ ਪ੍ਰਕਾਸ਼ ਦੀ ਚਿੱਠੀ ਤੋਂ ਉਹਦਾ ਅੰਦਰਲਾ ਪੜ੍ਹ ਲਿਆ ਸੀ। ਉਹਦਾ ਆਪਣਾ ਅੰਦਰਲਾ ਪਿਘਲਣ ਲਗਾ। ਉਹਨੂੰ ਖਤ 'ਚੋਂ ਨਿਰਾਸ਼ਤਾ ਅਤੇ ਉਦਾਸੀ ਸਪੱਸ਼ਟ ਦਿਖਾਈ ਦੇ ਰਹੀ ਸੀ। ਪਹਿਲਾਂ ਤਾਂ ਉਹਦਾ ਚਿੱਤ ਇਉਂ ਕਦੇ ਡੋਲਿਆ ਨਹੀਂ ਸੀ। ਹੁਣ ਕਿਉਂ ਬੁਝਿਆ ਬੁਝਿਆ ਰਹਿਣ ਲਗ ਪਿਆ? ਉਤੋਂ ਤਾਰੇ ਲਫੈਂਡ ਦੀ ਗੱਲ ਕਿਸ ਗੱਲ ਲਈ ਉਹਨੂੰ ਚੁਕੰਨਾ ਕਰਨ ਦੀ ਲੋੜ ਪੈ ਗਈ। ਕਿਤੇ ਉਹਦੇ ਭਤੀਜੇ ਅਸ਼ੋਕ ਕਰਕੇ ਕੋਈ ਟੰਟਾ ਨਾ ਪੈ ਗਿਆ ਹੋਵੇ। ਇਹ ਮੁੰਡਾ ਪੜ੍ਹਨ ਨੂੰ ਸਭ ਤੋਂ ਪਿਛੇ ਤੇ ਲੜਨ ਨੂੰ ਮੂਹਰੇ ਰਹਿੰਦਾ ਸੀ। ਐਨ੍ਹ ਸਤ ਪ੍ਰਕਾਸ਼ ਦੇ ਉਲਟ ਗਿਆ ਸੀ ਦਸਵੀਂ 'ਚੋਂ ਦੋ ਵੇਰਾਂ ਫੇਲ੍ਹ ਹੋ ਕੇ ਪਿੰਡ 'ਚ ਸਾਈਕਲਾਂ ਦੀ ਮੁਰੰਮਤ ਤੇ ਪੰਚਰ ਆਦਿ ਲਾਉਣ ਲੱਗ ਪਿਆ ਸੀ। ਪੰਜਾਬ ਦੇ ਰੌਲੇ ਰੱਪੇ ਦੇ ਗੇੜ 'ਚ ਉਹਨੇ ਮਲੇਰਕੋਟਲੇ ਸਾਈਕਲਾਂ ਦੀ ਦੁਕਾਨ ਜਾ ਖੋਲ੍ਹੀ ਸੀ। ਹੁਣ ਉਹਦਾ ਕੰਮ ਸੁਹਣਾ ਰਿੜ੍ਹ ਪਿਆ ਸੀ। ਤੇ ਦੂਰ ਦੀ ਸੋਚਕੇ ਸਤ ਪ੍ਰਕਾਸ਼ ਨੇ ਉਹਨੂੰ ਇਥੇ ਇਕ ਘਰ ਲੈ ਦਿਤਾ ਸੀ। ਹੁਣ ਉਹਦਾ ਟੱਬਰ ਵੀ ਉਥੇ ਹੀ ਰਹਿਣ ਲਗ ਪਿਆ। ਸਤ ਪ੍ਰਕਾਸ਼ ਪਿੰਡ ਹੀ ਰਿਹਾ। ਬਿਰਧ ਪਿਓ ਨੂੰ ਥਾਂ ਥਾਂ ਘਸੀਟਦੇ ਫਿਰਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਫੇਰ ਬੁੜ੍ਹਾ ਕਿਹੜਾ ਅੱਗੋਂ ਘੱਟ ਸੀ। ਉਹਦੀਆਂ ਲੱਤਾਂ ਜੁੜ ਗਈਆਂ। ਅੱਖਾਂ ਤੋਂ ਘੱਟ ਦਿਖਣ ਲਗ ਪਿਆ। ਦੰਦ ਨਿਕਲਕੇ ਨਵੇਂ ਸਿਰਿਓਂ ਆ ਗਏ। ਪਰ ਪਿੰਡ ਛੱਡਣ ਦਾ ਨਾਂ ਨਹੀਂ ਸੀ ਲੈਂਦਾ। ਅਖੇ: "ਕਿਉਂ ਜਾਈਏ ਜੱਦੀ ਪੁਸ਼ਤੀ ਘਰ ਛੱਡਕੇ। ਪਿੰਡ ਦਾਦੇ-ਪੜਦਾਦੇ ਦੇ ਵੇਲੇ ਤੋਂ ਰਹਿੰਦੇ ਆ ਰਹੇ ਆਂ। ਫੇਰ ਕਿਸੇ ਨਾਲ ਬੋਲ ਬਰਾਲਾ ਨਾ ਹੋਇਆ। ਘੱਟ ਵੱਧ ਨੀ ਹੋਈ। ਸਾਰੇ ਅੱਧ ਕੇ ਦੇ ਹੋਕੇ ਮਿਲਦੇ ਨੇ। ਧੀ ਭੈਣ ਦੀ ਸਾਂਝ ਇਕ। ਡਿਗੇ ਪੌਖੜੇ ਦੀ ਸੌ ਖਬਰ ਲੈਣ ਆਲੇ। ਮਜ਼ਾਲ ਐ ਕੋਈ ਅੱਖ 'ਚ ਰੜਕ ਜੇ। ਆਹ! ਨਵਾਂ ਜੰਮ ਪਿਆ ਛੋਕਰ-ਵਾਧਾ। ਮੈਂ ਇਹਨਾਂ ਨੂੰ ਕੀ ਸਮਝਦਾਂ! ਇਹਨਾਂ 'ਚੋਂ ਕਈਆਂ ਦੇ ਪਿਓ-ਬਾਬੇ ਅਜੇ ਜਿਉਂਦੇ ਨੇ। ਉਹ ਤਾਂ ਜਾਣਦੇ ਨੇ ਸਾਡੀ ਪੜਤ ਨੂੰ। ਲੈ ਬਈ, ਮੈਨੂੰ ਨੀ ਯਾਦ ਕਦੇ ਕਿਸੇ ਨੇ ਮੇਰੇ ਮੂਹਰੇ ਅੱਖ ਉਚੀ ਕੀਤੀ ਹੋਵੇ। ਨੀਵੀਂ ਪਾ ਕੇ ਆਪਣੀਆਂ ਆਪਣੀਆਂ ਮੁੱਛਾਂ ਨੂੰ ਵਟੇ ਦਿੰਦੇ ਕੋਲ ਦੀ ਲੰਘ ਜਾਣ ਤਾਂ ਕਿਹੜਾ ਸਾਡਾ ਨੁਣ ਨਿਰਕਦੈ। ਆਪਣੀ ਮੌਜ 'ਚ ਰਹਿਦ। ਆਪਾਂ ਨੂੰ ਕੀ। ਜਦੋਂ ਕੋਈ ਗੱਲ ਹੋਊ, ਦੇਖੀ ਜਾਊ। ਆਹ! ਮੈਂ ਤੁਰਨੋਂ ਫਿਰਨੋਂ ਆਹਰਾ ਹੋ ਗਿਆ। ਨਹੀਂ ਮੈਂ ਖੰਘਣ ਦਿੰਦਾ ਸੀ ਕਿਸੇ ਨੂੰ।" ਪਿਛਲੀ ਵੇਰਾਂ ਉਹ ਪਿੰਡ ਗਿਆ ਤਾਂ ਬੁੜ੍ਹਾਂ ਦਾਰੂ ਦੀ ਘੁੱਟ ਪੀਕੇ, ਤਰਾਰੇ 'ਚ ਆਇਆ ਗੱਲਾਂ ਕਰੀ ਗਿਆ। ਬ੍ਰਹਮ ਪ੍ਰਕਾਸ਼ ਨੂੰ ਜਿਹੜੇ ਬੁੜ੍ਹਿਆਂ ਦੇ ਨਾਂ ਵੀ ਨਹੀਂ ਸਨ ਯਾਦ, ਉਹਨਾਂ ਦੀਆਂ ਗੱਲਾਂ ਸੁਣਾਉਂਦਾ ਰਿਹਾ। ਹਰ ਗੱਲ 'ਚ ਇਕੋ ਤਕੀਆ ਕਲਾਮ, 'ਸਾਡੇ ਵੇਲੇ' ਆਹ ਹੁੰਦਾ ਸੀ, 'ਸਾਡੇ ਵੇਲੇ' ਇਉਂ ਨੀ ਸੀ ਹੁੰਦਾ। ਉਹ ਦੱਸਦਾ ਹੁੰਦਾ ਕਿ ਉਹਦੇ ਦਾਦੇ ਹੁਰਾਂ ਨੂੰ ਪਿੰਡ ਆਲੇ ਇਕ ਪੱਗ ਤੇ ਉਪਰ ਪੰਜ ਰੁਪਈਏ ਚਾਂਦੀ ਦੇ ਰੱਖਕੇ ਲੈ ਕੇ ਆਏ ਸਨ। ਓਥੋਂ ਤੁਰ ਜਾਣਾ ਉਹਦੇ ਲਈ ਪਿੰਡ ਦਾ ਮਾਣ ਤੋੜਨ ਬਰਾਬਰ ਸੀ। ਬੋਲਾਂ ਉਹਦਿਆਂ 'ਚ ਭਾਵੇਂ ਗੜ੍ਹਕਾ ਕਾਇਮ ਸੀ ਪਰ ਸਰੀਰ ਹੱਡੀਆਂ ਦਾ ਪਿੰਜਰ ਹੋ ਕੇ ਰਹਿ ਗਿਆ। ਉਹ ਆਪਣੇ ਕਮਰੇ 'ਚ ਮੰਜੇ ਨਾਲ ਮੰਜਾ ਹੋਇਆ ਪਿਆ ਰਹਿੰਦਾ। ਦੌਣ ਢਿੱਲੀ ਕਰਕੇ ਉਸ ਵਿਚ ਗਠੜੀ ਵਾਂਗ ਇਕੱਠਾ ਹੋਇਆ ਹੋਇਆ ਬੋਰੀ ਦੀ ਗੱਦੀ ਬਣਵਾਕੇ ਉਹ ਆਪਣੇ ਚਿੱਤੜਾਂ

(ਬਾਕੀ ਪੰਨਾ 18 ਉਤੇ)


THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call NIRMAL (NEIL) DHALIWAL

Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully


## ਅਮਰੀਕਾ ਵਲੋਂ ਪਾਬੰਦੀ ਤੋਂ ਨਾਂਹ

ਅਮਰੀਕੀ ਵਿਭਾਗ ਨੇ ਖਤਰਨਾਕ ਪ੍ਰਮਾਣੂੰ ਹਥਿਆਰਾਂ ਨੂੰ ਬੰਦ ਕਰਨ ਤੋਂ ਨਾਂਹ ਕਰ ਦਿੱਤੀ ਹੈ ਅਤੇ ਉਲਟਾ ਦਾਅਵਾ ਕੀਤਾ ਹੈ ਕਿ ਸੋਵੀਅਤ ਯੂਨੀਅਨ ਵਲੋਂ ਇਕੱਤਰ ਕੀਤੇ ਜਾ ਰਹੇ ਹਥਿਆਰਾਂ ਦੇ ਭੰਡਾਰਾਂ ਅਤੇ ਕੌਮਾਂਤਰੀ ਸੁਰੱਖਿਆ ਦੀ ਜ਼ਾਮਨੀ ਲਈ ਅਜਿਹਾ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੈ।

ਇਸ ਗੱਲ ਦਾ ਪ੍ਰਗਟਾਵਾ ਗ੍ਰਹਿ ਵਿਭਾਗ ਦੇ ਬੁਲਾਰੇ ਸ੍ਰੀ ਚਾਰਲਸ ਈ. ਰੈਡਮੈਨ ਵਲੋਂ ਜਾਰੀ ਕੀਤੇ ਇਕ ਬਿਆਨ ਅੰਦਰ ਕੀਤਾ ਗਿਆ

# ਪ੍ਰਯੋਗਵਾਦੀ ਮਰਾਸੀ ਦੀਆਂ ਸਕੀਮਾਂ

ਮਹਿੰਦਰ ਸਿੰਘ ਕਜਹੇੜੀ

ਪਿੰਡ ਜੰਡਪੁਰੇ ਵਿਚ ਫਤੇਹਦੀਨ ਨਾਂ ਦਾ ਇਕ ਮਰਾਸੀ ਰਹਿੰਦਾ ਸੀ। ਘਰ ਦੀ ਸਾਰੀ ਪੂੰਜੀ ਇਕ ਘਰ ਵਾਲੀ ਤੇ ਦੂਜੀ ਥੱਕੀ ਜਿਹੀ ਖੱਚਰ। ਕਿਸਮਤ ਦਾ ਐਨਾ 'ਧਨੀ' ਕਿ ਜੇ ਸੋਨੇ ਨੂੰ ਹੱਥ ਪਾਉਂਦਾ, ਉਹ ਵੀ ਮਿੱਟੀ ਬਣ ਜਾਂਦਾ। ਦਿਨ ਵਿਚ ਕਿਤਨੀਆਂ ਹੀ ਸਕੀਮਾਂ ਬਣਾਉਂਦਾ, ਆਰਥਿਕ ਪੱਖੋਂ ਤਕੜਾ ਹੋਣ ਦੀਆਂ ਸਕੀਮਾਂ ਪਰ ਸਭ ਵਿਅਰਥ ਸਿਰੇ ਕੋਈ ਵੀ ਨਾ ਚੜ੍ਹਦੀ। ਜਿਸ ਕੰਮ ਨੂੰ ਹੱਥ ਪਾਉਂਦਾ, ਹਮੇਸ਼ਾਂ ਪਿਛੇ ਨੂੰ ਹੀ ਜਾਂਦਾ, ਜਿਸ ਕਰਕੇ ਉਹ ਵਿਚਾਰਾ ਆਰਥਿਕ ਪੱਖੋਂ ਬਿਲਕੁਲ ਟੁੱਟ ਚੁੱਕਾ ਸੀ। ਇਹ ਸਾਡੇ ਸਮਾਜ ਦੀ ਰਵਾਇਤ ਹੈ ਕਿ ਜਿਹੜਾ ਬੰਦਾ ਆਰਥਿਕ ਪੱਖੋਂ ਟੁੱਟ ਜਾਵੇ, ਲੋਕ ਉਸ ਦਾ ਨਾਂ ਵੀ ਤੋੜ-ਮਰੋੜ ਲੈਂਦੇ ਹਨ ਤੇ ਵਿਚਾਰੇ ਫਤੇਹਦੀਨ ਮਰਾਸੀ ਦਾ ਨਾਂ ਵੀ ਲੋਕਾਂ ਨੇ ਤੋੜ ਕੇ ਫਤੀਆ ਮਰਾਸੀ ਬਣਾ ਲਿਆ ਸੀ।

ਫਤੀਏ ਦੇ ਘਰ ਚਾਰ ਜੱਟ ਭਰਾ ਰਹਿੰਦੇ ਸਨ। ਚਾਰੇ ਭਰਾ ਮੁਢ ਤੋਂ ਹੀ ਛੜੇ ਸਨ, ਜਿਸ ਕਰਕੇ ਪਿੰਡ ਵਿਚ ਆਲੇ ਦੁਆਲੇ ਵਿਚ ਉਹ 'ਛੜਿਆਂ ਦੇ ਘਰ' ਦੀ ਅੱਲ੍ਹ ਨਾਲ ਜਾਣੇ ਜਾਂਦੇ ਸਨ।

ਫਤੀਏ ਦੀ ਥੱਕੀ ਜਿਹੀ ਖੱਚਰ ਰਾਤੀਂ ਬਰਾਤੀ ਖੁਲ੍ਹ ਕੇ ਛੜਿਆਂ ਦੇ ਖੇਤ ਵਿਚ ਜਾ ਵੜਦੀ। ਕਈ ਵਾਰ ਛੜਿਆਂ ਨੇ ਫਤੀਏ ਨੂੰ ਖੱਚਰ ਦੀ ਨਿਗਰਾਨੀ ਰੱਖਣ ਲਈ ਕਿਹਾ। ਪਰ ਫਤੀਆ ਵੀ ਮਜ਼ਬੂਰ ਸੀ, ਉਹ ਬਹੁਤ ਸਖਤਾਈ ਨਾਲ ਖੱਚਰ ਨੂੰ ਬੰਨ੍ਹਦਾ, ਪਰ ਉਹ ਪਤਾ ਨਹੀਂ, ਕਿਸ ਵੇਲੇ ਰੱਸਾ ਤੁੜਾ, ਛੜਿਆਂ ਦੇ ਖੇਤ ਜਾ ਵੜਦੀ।

ਇਕ ਦਿਨ ਛੜਿਆਂ ਦਾ ਇਕ ਭਰਾ ਬਹੁਤ ਹੀ ਗੁੱਸੇ ਵਿਚ ਆ ਗਿਆ। ਉਸ ਨੇ ਖੱਚਰ ਨੂੰ ਡਾਂਗਾਂ ਮਾਰ ਮਾਰ ਜਾਨ ਤੋਂ ਹੀ ਮਾਰ ਦਿਤਾ। ਫਤੀਏ ਨੂੰ ਪਤਾ ਲਗਣ ਤੇ ਵਿਚਾਰਾ ਮਸੋਸਿਆ ਜਿਹਾ ਗਿਆ। ਕਰ ਕੁਝ ਸਕਦਾ ਨਹੀਂ ਸੀ। ਸੋ ਆਪਣੀ ਖੱਚਰ ਦਾ ਹੀ ਕਸੂਰ ਸਮਝ ਉਸ ਨੇ ਚੁਪ ਹੀ ਰਹਿਣਾ ਠੀਕ ਸਮਝਿਆ।

ਫਤੀਏ ਦੇ ਇਕ ਦੋਸਤ ਨੇ ਉਸ ਨੂੰ ਸਲਾਹ ਦਿਤੀ ਕਿ ਉਹ ਖੱਚਰ ਦੀ ਖੱਲ ਲਾਹ ਕੇ ਵੇਚ ਛੱਡੇ, ਥੋੜ੍ਹੇ ਬਹੁਤ ਪੈਸੇ ਬਣ ਜਾਣਗੇ। ਆਰਥਿਕ ਪਖੋਂ ਟੁੱਟਿਆ ਬੰਦਾ, ਪੈਸੇ ਦੀ ਖਾਤਰ ਹਰ ਤਰ੍ਹਾਂ ਦੇ ਹੱਥ ਪੈਰ ਮਾਰਦਾ ਏ।

ਭਾਵੇਂ ਡੰਗਰਾਂ ਦੀ ਖੱਲ ਆਦਿ ਉਤਾਰਨਾ ਪੇਸ਼ੇ ਵਾਲੇ ਬੰਦਿਆਂ ਦਾ ਹੀ ਕੰਮ ਹੁੰਦਾ ਹੈ ਪਰ ਫਤੀਆ ਪੈਸੇ ਦੇ ਲਾਲਚ ਕਰਕੇ ਇਹ ਕੰਮ ਆਪ ਹੀ ਕਰਨ ਦੀ ਸਕੀਮ ਬਣਾ ਕੇ ਮਰੀ ਹੋਈ ਖੱਚਰ ਨੂੰ ਡੰਗਰਾਂ ਦੀ ਹਡਵਾੜ ਵਿਚ ਲੈ ਗਿਆ ਅਤੇ ਉਸ ਦੀ ਖੱਲ ਉਤਾਰਨੀ ਸ਼ੁਰੂ ਕਰ ਦਿੱਤੀ।

ਕਿਉਂਕਿ ਫਤੀਏ ਨੂੰ ਖੱਲ ਉਤਾਰਨ ਦਾ ਕੋਈ ਤਜਰਬਾ ਨਹੀਂ ਸੀ, ਇਸ ਕਰਕੇ ਉਸ ਤੋਂ ਅੱਧੀ ਖੱਲ ਵੀ ਨਹੀਂ ਸੀ ਉਤਾਰੀ ਗਈ ਕਿ ਉਸ ਨੂੰ ਰਾਤ ਪੈ ਗਈ ਉਸ ਨੂੰ ਇਹ ਕੰਮ ਕਰਦਿਆਂ ਥਕੇਵਾਂ ਜਿਹਾ ਵੀ ਮਹਿਸੂਸ ਹੋਇਆ, ਸੋ ਉਸ ਨੇ ਸੋਚਿਆ ਕਿ ਰਾਤ ਨੂੰ ਆਰਾਮ ਕਰਕੇ ਬਾਕੀ ਰਹਿੰਦੀ ਖੱਲ ਸਵੇਰੇ ਦਿਨ ਚੜ੍ਹੇ ਉਤਾਰਾਂਗਾ।

ਰੋਟੀ ਖਾਂਦਿਆਂ ਉਸ ਦੇ ਖਿਆਲ ਆਇਆ ਕਿ ਖੱਚਰ ਨੂੰ ਕੁੱਤੇ ਆਦਿ ਨਾ ਘੜੀਸ ਕੇ ਲੈ ਜਾਣ, ਜਿਸ ਕਰਕੇ ਉਸ ਨੇ ਰੋਟੀ ਖਾ ਕੇ ਇਕ ਥੈਲੇ ਵਿਚ ਕਾਫੀ ਸਾਰੇ ਵੱਟੇ ਇਕੱਠੇ ਕਰਕੇ, ਡੰਗਰਾਂ ਦੀ ਹਡਵਾੜ ਦੇ ਲਾਗੇ ਇਕ ਅੰਬ ਉਤੇ ਰਾਤ ਕੱਟਣ ਲਈ ਡੇਰਾ ਲਾ ਗਿਆ। ਉਸ ਦਾ ਵਿਚਾਰ ਸੀ ਕਿ ਜੇ ਕੋਈ ਕੁੱਤਾ ਵਗੈਰਾ ਖੱਚਰ ਨੂੰ ਮੂੰਹ ਪਾਵੇਗਾ ਤਾਂ ਉਹ ਅੰਬ ਦੇ ਦਰੱਖਤ ਤੋਂ ਹੀ ਵੱਟੇ ਮਾਰ ਕੇ ਕੁੱਤੇ ਨੂੰ ਭਜਾ ਦੇਵੇਗਾ।

ਤਕਰੀਬਨ ਰਾਤ ਦੇ ਦਸ ਕੁ ਵਜੇ ਹੋਣਗੇ, ਚਾਰ ਚੋਰ ਚੋਰੀ ਕਰਨ ਵਾਸਤੇ ਡੰਗਰਾਂ ਦੀ ਹਡਵਾੜ ਵਿਚ ਦੀ ਲੰਘੇ ਜਾ ਰਹੇ ਸਨ। ਅੱਧੀ ਸਾਰੀ ਖੱਲ ਉਤਾਰੀ ਖੱਚਰ ਨੂੰ ਵੇਖ ਚੋਰਾਂ ਨੇ ਸਮਝਿਆ ਕਿ ਇਹ ਕਿਸੇ ਦੇਵੀ ਆਦਿ ਦਾ ਸਥਾਨ ਹੈ, ਜਿਸ ਕਰਕੇ ਉਨ੍ਹਾਂ ਨੇ ਖੱਚਰ ਦੇ ਮੂਹਰੇ ਸਿਰ ਝੁਕਾ ਕੇ ਬੇਨਤੀ ਕੀਤੀ ਕਿ ਜੇ ਅੱਜ ਦੀ ਰਾਤ ਉਨ੍ਹਾਂ ਨੂੰ ਚੰਗਾ ਮਾਲ ਹੱਥ ਲੱਗ ਗਿਆ ਤਾਂ ਉਹ ਦੇਵੀ ਦੇ ਚਰਨਾਂ



ਨਮਿਤ ਦਸਵਾਂ ਦਸੌਂਧ ਚੜ੍ਹਾਉਣਗੇ। ਕੁਦਰਤ ਰੱਬ ਦੀ ਚੋਰਾਂ ਨੂੰ ਚੰਗਾ ਮਾਲ ਹੱਥ ਲੱਗਿਆ ਤੇ ਵਾਪਸੀ ਤੇ ਆ ਕੇ ਜਦੋਂ ਉਹ ਖੱਲ ਉਤਾਰੀ ਖੱਚਰ ਦੇ ਮੂਹਰੇ ਸਿਜਦਾ ਕਰ ਰਹੇ ਸਨ ਤਾਂ ਅੰਬਾਂ ਤੇ ਬੈਠੇ ਫਤੀਏ ਮਰਾਸੀ ਤੋਂ ਡਰ ਦੇ ਮਾਰੇ ਇਕੱਠੇ ਕੀਤੇ ਵੱਟੇ, ਜਿਹੜੇ ਅੰਬ ਦੀ ਟਾਹਣੀ ਤੇ ਰਖੇ ਹੋਏ ਸਨ, ਉਹ ਹਥੋਂ ਛੁਟ ਗਏ। ਵੱਟਿਆਂ ਦੇ ਜ਼ਮੀਨ ਤੇ ਡਿਗਣ ਕਰਕੇ ਕਾਫੀ ਸਾਰਾ ਖੜਕਾ ਹੋਇਆ। ਕਹਿੰਦੇ ਨੇ ਚੋਰ ਦੇ ਪੈਰ ਨਹੀਂ ਹੁੰਦੇ। ਸੋ ਖੜਕਾ ਸੁਣ ਕੇ ਚੋਰ ਇਕ ਦਮ ਸਾਰਾ ਮਾਲ ਉਥੇ ਹੀ ਛੱਡ ਕੇ ਭੱਜ ਗਏ।

ਦਿਨ ਚੜ੍ਹੇ ਜਦੋਂ ਮਰਾਸੀ ਖੱਚਰ ਦੇ ਕੋਲ ਪਹੁੰਚਿਆ ਤਾਂ ਉਥੇ ਬਹੁਤ ਸਾਰਾ ਮਾਲ ਦੇਖ ਕੇ ਪਹਿਲਾਂ ਤਾਂ ਉਹ ਘਬਰਾ ਗਿਆ। ਖੈਰ ਉਸ ਨੇ ਰਾਤੀ ਬਰਾਤੀ ਸਾਰਾ ਮਾਲ ਘਰ ਢੋਅ ਲਿਆ। ਚੋਖਾ ਮਾਲ ਹੱਥ ਲਗਣ ਕਰਕੇ ਮਰਾਸੀ ਦੇ ਘਰ ਦੀ ਨੁਹਾਰ ਹੀ ਬਦਲ ਗਈ। ਜਿਸ ਫਤੀਏ ਦੇ ਘਰ ਰੋਟੀ ਨਹੀਂ ਸੀ ਪੱਕਦੀ, ਹੁਣ ਉਹ ਤੜਕੇ ਛਮਕੇ ਲਾ ਕੇ ਰੋਟੀ ਖਾਂਦਾ। ਖੱਚਰ ਦੀ ਥਾਂ ਹੁਣ ਉਸ ਨੇ ਚੰਗਾ ਘੋੜਾ ਖਰੀਦ ਲਿਆ।

ਛੜੇ ਭਰਾ ਮਰਾਸੀ ਵਿਚ ਆਈ ਤਬਦੀਲੀ ਨੂੰ ਵੇਖ ਹੈਰਾਨ ਸਨ। ਇਕ ਦਿਨ ਉਨ੍ਹਾਂ ਨੇ ਮਰਾਸੀ ਨੂੰ ਉਸ ਵਿਚ ਆਈ ਤਬਦੀਲੀ ਬਾਰੇ ਪੁਛ ਹੀ ਲਿਆ। ਮਰਾਸੀ ਨੇ ਸਾਰੀ ਬੀਤੀ ਘਟਨਾ ਦੱਸਦੇ ਹੋਏ ਛੜਿਆਂ ਨੂੰ ਸਕੀਮ ਦੱਸੀ ਕਿ ਤੁਸੀਂ ਵੀ ਕੋਈ ਖੱਚਰ ਨਾ ਸਹੀ ਮੱਝ ਆਦਿ ਮਾਰ ਲਿਓ ਤੇ ਅੱਧ ਛਿੱਲੀ ਖੱਲ ਨੂੰ ਵੇਖ ਚੋਰ ਜ਼ਰੂਰ ਸਿਜਦਾ ਕਰਨ ਆਉਣਗੇ। 'ਲਾਲਚ ਬੁਰੀ ਬਲਾ ਹੈ' ਦੇ ਕਥਨ ਅਨੁਸਾਰ ਛੜਿਆਂ ਨੇ ਮਰਾਸੀ ਦੀ ਸਕੀਮ ਮੰਨ ਅੱਠ ਕਿਲੋ ਦੁਧ ਦਿੰਦੀ ਮੱਝ ਮਾਰ ਲਈ ਤੇ ਅੱਧੀ ਸਾਰੀ ਖੱਲ ਉਤਾਰੀ ਅਤੇ ਅੰਬ ਦੇ ਉਤੇ ਵੱਟੇ ਲੈ ਕੇ ਬੈਠ ਗਏ। ਵਿਚਾਰਿਆਂ ਦੀਆਂ ਸਾਰੀ ਰਾਤ ਅੱਖਾਂ ਪੱਕ ਗਈਆਂ, ਚੋਰਾਂ ਨੂੰ ਉਡੀਕਦਿਆਂ ਉਡੀਕਦਿਆਂ. ਪਰ ਚੋਰ ਨਾ ਆਏ

ਛੜੇ ਭਰਾ ਮਰਾਸੀ ਦੀ ਦੱਸੀ ਸਕੀਮ ਤੋਂ ਤੰਗ ਆ ਗਏ ਅਤੇ ਉਨ੍ਹਾਂ ਨੇ ਮਰਾਸੀ ਕਿਤੇ ਬਾਹਰ ਗਿਆ ਹੋਣ ਕਰਕੇ ਉਸ ਦੀ ਘਰ ਵਾਲੀ ਨੂੰ ਗਲ ਘੁਟ ਕੇ ਮਾਰ ਦਿਤਾ। ਜਦੋਂ ਉਹ ਘਰ ਵਾਪਿਸ ਆਇਆ ਤਾਂ ਮਰੀ ਹੋਈ ਘਰ ਵਾਲੀ ਨੂੰ ਵੇਖ ਬਹੁਤ ਹੀ ਦੁਖ ਮਹਿਸੂਸ ਕੀਤਾ। ਪਰ ਉਸ ਨੂੰ ਛੜਿਆਂ ਤੇ ਬਿਲਕੁਲ ਵੀ ਸ਼ੱਕ ਨਹੀਂ ਸੀ, ਕਿ ਉਸ ਦੀ ਘਰ ਵਾਲ਼ੀ ਉਨ੍ਹਾਂ ਨੇ ਮਾਰੀ ਹੋਣੀ ਏ।

ਫਤੀਏ ਦੇ ਘਰ ਵਾਲੀ ਉਸ ਨੂੰ ਆਖਦੀ ਹੁੰਦੀ ਸੀ ਕਿ ਜਦੋਂ ਉਹ ਮਰੇ ਤਾਂ ਉਸ ਨੂੰ ਉਸਦੇ ਪੇਕੇ ਪਿੰਡ ਦਫਨਾਇਆ ਜਾਵੇ। ਸੋ ਆਪਣੀ ਘਰ ਵਾਲੀ ਦੀ ਰੀਝ ਪੂਰੀ ਕਰਨ ਲਈ ਮਰਾਸੀ ਨੇ ਮਰੀ ਹੋਈ ਮਰਾਸਣ ਨੂੰ ਨੁਹਾ ਧੁਆ ਕੇ ਚੰਗੇ ਕੱਪੜੇ ਪਾ ਕੇ ਘੋੜੇ ਤੇ ਬਿਠਾ ਆਪਣੀ ਬੁਕਲ ਜਿਹੀ ਵਿਚ ਲੈ ਉਸ ਦੇ ਪੇਕੇ ਵੱਲ ਨੂੰ ਤੁਰ ਪਿਆ।

ਹਾਲੇ ਫਤੀਆ ਥੋੜ੍ਹੀ ਹੀ ਦੂਰ ਗਿਆ ਸੀ, ਉਸ ਨੇ ਵੇਖਿਆ ਉਸ ਦੇ ਦੇਸ਼ ਦਾ ਰਾਜਾ ਲਾਓ ਲਸ਼ਕਰ ਸਮੇਤ ਆ ਰਿਹਾ ਸੀ। ਉਸ ਨੇ, ਜਿਸ ਰਸਤੇ ਤੋਂ ਰਾਜਾ ਆ ਰਿਹਾ ਸੀ, ਆਪਣਾ ਰਾਹ ਬਦਲ ਲਿਆ। ਰਾਜੇ ਨੂੰ ਮਰਾਸੀ ਵਲੋਂ ਅਜਿਹਾ ਕਰਨ ਤੇ ਸ਼ੱਕ ਪੈ ਗਿਆ। ਸੋ ਆਪਣੇ ਅਹਿਲਕਾਰਾਂ ਨੂੰ ਆਖ ਰਾਜੇ ਨੇ ਮਰਾਸੀ ਨੂੰ ਆਪਣੇ ਕੋਲ ਬੁਲਾ ਲਿਆ। ਮਰਾਸੀ ਰਾਜੇ ਦੇ ਮੂਹਰੇ ਖੜ੍ਹਾ ਥਰ ਥਰ ਕੰਬ ਰਿਹਾ ਸੀ।

ਰਾਜੇ ਨੇ ਮਰਾਸੀ ਨੂੰ ਕਿਹਾ ਕਿ ਉਹ ਉਸ ਦੀ ਘਰ ਵਾਲੀ ਦਾ ਮੂੰਹ ਵੇਖਣਾ ਚਾਹੁੰਦਾ ਹੈ। ਮਰਾਸੀ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਬਾਦਸ਼ਾਹ ਸਲਾਮਤ ਜੇ ਮੈਂ ਆਪਣੀ ਘਰ ਵਾਲੀ ਦਾ ਘੁੰਡ ਚੁਕ ਦਿਤਾ ਤਾਂ ਇਸ ਨੇ ਮਰ ਜਾਣਾ ਏ। ਮੈਂ ਜ਼ਨਾਨੀ ਬਿਨਾਂ ਰੰਡਾ ਹੋ ਜਾਵਾਂਗਾ, ਬਾਲ ਹੱਠ, ਰਾਜ ਹੱਠ ਤੇ ਤ੍ਰਿਆ ਹੱਠ, ਇਹ ਤਿੰਨੇ ਕਿਸਮ ਦੇ ਬੰਦਿਆਂ ਦੇ ਹੱਠ ਬਹੁਤ ਹੀ ਮਸ਼ਹੂਰ ਹਨ। ਬੱਚਾ ਕਿਸੇ ਚੀਜ਼ ਤੇ ਜ਼ਿੱਦ ਕਰ ਲਵੇ ਤਾਂ ਉਹ ਪੂਰੀ ਕਰਵਾ ਕੇ ਹੀ ਹਟਦਾ ਹੈ, ਰਾਜੇ ਦੀ ਵੀ ਕਹਿੰਦੇ ਜ਼ਿਦ ਬਹੁਤ ਹੀ ਬੁਰੀ ਹੁੰਦੀ ਹੈ ਤੇ ਇਸੇ ਤਰ੍ਹਾਂ ਔਰਤ ਵੀ ਜਿਸ ਚੀਜ਼ ਤੇ ਅੜੀ ਕਰ ਬੈਠੇ ਪੂਰੀ ਕਰਵਾ ਕੇ ਹੀ ਸਾਹ ਲੈਂਦੀ ਹੈ। ਸੋ ਰਾਜੇ ਨੇ ਮਰਾਸੀ ਦੀ ਘਰ ਵਾਲੀ ਦਾ ਮੂੰਹ ਵੇਖਣ ਦੀ ਜ਼ਿੱਦ ਫੜ ਲਈ ਤੇ ਉਸ ਨੇ ਮਰਾਸੀ ਨੂੰ ਕਿਹਾ ਕਿ ਜੇ ਉਸ ਦੇ ਘਰ ਵਾਲੀ ਘੁੰਡ ਚੁਕਿਆਂ ਮਰ ਗਈ ਤਾਂ ਮੇਰੇ ਕੋਲ ਅਨੇਕਾਂ ਰਾਣੀਆਂ ਹਨ ਜਿਹੜੀ ਉਹ ਕਹੇ ਦੇ ਦਿਆਂਗਾ। ਕਿਉਂਕਿ ਰਾਜੇ ਦਾ ਖਿਆਲ ਸੀ ਕਿ ਘੁੰਡ ਚੁਕਣ ਕਰਕੇ ਕੋਈ ਜ਼ਨਾਨੀ ਥੋੜ੍ਹੇ ਮਰਦੀ ਹੁੰਦੀ ਏ। ਸੋ ਜਦੋਂ ਮਰਾਸੀ ਨੇ ਆਪਣੀ ਮਰਾਸਣ ਦੇ ਮੂੰਹੋਂ ਘੁੰਡ ਚੁਕਿਆ ਤਾਂ ਉਹ ਮਰੀ ਹੋਈ ਤਾਂ ਪਹਿਲਾਂ ਹੀ ਸੀ ਤੇ ਇਕ ਦਮ ਦੁਹੱਥੜ ਪਿੱਟ ਉਠਿਆ। ਬਾਦਸ਼ਾਹ ਸਲਾਮਤ ਮੈਂ ਲੁੱਟਿਆ ਗਿਆ, ਮੈਂ ਪਟਿਆ ਗਿਆ ਆਦਿ ਕਹਿ ਉਹ ਕੀਰਨੇ ਜਿਹੇ ਪਾਉਣ ਲਗ ਪਿਆ।

ਰਾਜੇ ਨੇ ਵਾਇਦੇ ਮੁਤਾਬਿਕ ਮਰਾਸੀ ਨੂੰ ਆਪਣੀ ਇਕ ਰਾਣੀ ਅਤੇ ਬਹੁਤ ਸਾਰਾ ਧੰਨ ਦੇ ਕੇ ਵਿਦਾ ਕਰ ਦਿਤਾ। ਜਿਉਂ ਹੀ ਮਰਾਸੀ ਰਾਣੀ ਸਮੇਤ ਪਿੰਡ ਪੁਜਿਆ ਸਾਰਾ ਪਿੰਡ ਮਰਾਸੀ ਤੇ ਹੈਰਾਨ ਪਰੇਸ਼ਾਨ ਸੀ। ਹਰ ਇਕ ਰਾਣੀ ਨੂੰ ਤਕ ਮੂੰਹ ਵਿਚ ਉਂਗਲਾਂ ਦੇ ਰਿਹਾ ਸੀ। ਛੜੇ ਭਰਾ ਤਾਂ ਮਰਾਸੀ ਨਾਲ ਆਈ ਰਾਣੀ ਨੂੰ ਵੇਖ ਅੰਦਰੋ ਅੰਦਰ ਕੁੜ ਰਹੇ ਸਨ।

ਇਕ ਦਿਨ ਉਨ੍ਹਾਂ ਨੇ ਮਰਾਸੀ ਨੂੰ ਇਸ ਘਟਨਾ ਬਾਰੇ ਵੀ ਪੁਛ ਲਿਆ। ਮਰਾਸੀ ਨੇ ਛੜਿਆਂ ਨੂੰ ਸਕੀਮ ਦੱਸਦੇ ਹੋਏ ਕਿਹਾ ਕਿ ਬੜੀ ਦੂਰ ਇਕ ਅਜਿਹਾ ਸ਼ਹਿਰ ਹੈ ਜਿਥੇ ਮੁਰਦੇ ਲੈਂਦੇ ਹਨ ਤੇ ਜਿਉਂਦੇ ਦੇਂਦੇ ਹਨ, ਜਿਸ ਕਰਕੇ ਤੁਸੀਂ ਆਪਣੀ ਬੁੜ੍ਹੀ ਮਾਂ ਨੂੰ ਮਾਰ ਕੇ ਬਦਲੇ ਨੌਜਵਾਨ ਜ਼ਨਾਨੀ ਲੈ ਆਓ। ਸੋ ਛੜਿਆਂ ਨੇ ਨਾ ਆ ਵੇਖਿਆ ਨਾ ਤਾਅ ਵੇਖਿਆ, ਆਪਣੀ ਸੱਤਰਾਂ ਬਹੱਤਰਾਂ ਨੂੰ ਪੁਜੀ ਮਾਂ ਦਾ ਗਲ ਘੁਟ ਦਿਤਾ ਤੇ ਜਿਸ ਤਰ੍ਹਾਂ ਮਰਾਸੀ ਨੇ ਸਕੀਮ ਦੱਸੀ ਸੀ, ਆਪਣੀ ਮਾਂ ਦੇ ਨਵੇਂ ਕੱਪੜੇ ਪਾ ਘੋੜੇ ਤੇ ਬਿਠਾ ਉਸ ਸ਼ਹਿਰ ਜਾ ਪਹੁੰਚੇ। ਸ਼ਹਿਰ ਵੜਦੇ ਹੀ ਉਨ੍ਹਾਂ ਨੇ ਹੋਕਾ ਲਾਉਣਾ ਸ਼ੁਰੂ ਕਰ ਦਿਤਾ ਕਿ ਮੁਰਦੇ ਲੈ ਲੋ ਜਿਉਂਦੇ ਦੇ ਦੇਵੋ। ਅਜਿਹਾ ਹੋਕਾ ਸੁਣ ਕੇ ਸ਼ਹਿਰ ਦੇ ਲੋਕਾਂ ਨੇ ਛੜੇ ਭਯਾਵਾਂ ਨੂੰ ਚੰਗੀ ਤਰ੍ਹਾਂ ਕੁਟਿਆ। ਛੜੇ ਵਿਚਾਰੇ ਭਿੱਜੀ ਜਿਹੀ ਬਿੱਲੀ ਬਣ ਕੇ ਵਾਪਸ ਆਪਣੇ ਪਿੰਡ ਆ ਗਏ।

ਉਨ੍ਹਾਂ ਨੂੰ ਮਾਂ ਮਰੀ ਦਾ ਅਤੇ ਆਪਣੀ ਹੋਈ ਬੇਇਜ਼ਤੀ ਦਾ ਮਰਾਸੀ ਤੇ ਬਹੁਤ ਹੀ ਗੁੱਸਾ ਸੀ। ਸੋ ਉਨ੍ਹਾਂ ਨੇ ਸੋਚਿਆ ਕਿ ਮਰਾਸੀ ਦਾ ਜੈਣਾ ਹੀ ਵੱਢ ਛੱਡਣਾ ਏ। ਚਾਰੇ ਭਰਾ ਰਲ ਕੇ ਮਰਾਸੀ ਦੀਆਂ ਲੱਤਾਂ ਬਾਹਾਂ ਬੰਨ੍ਹ ਇਕ ਬੋਰੀ ਵਿਚ ਬੰਦ ਕਰਕੇ ਉਸ ਨੂੰ ਦਰਿਆ ਵਿਚ ਸੁਟਣ ਲਈ ਲੈ ਤੁਰੇ।

(ਬਾਕੀ ਪੰਨਾ 21 'ਤੇ)

(ਪੰਨਾ 19 ਦੀ ਬਾਕੀ)

ਭਾਵੇਂ ਸੰਸਾਰ ਵਿਚ ਅਸ਼ਾਂਤੀ ਹੈ। ਮਾਸੂਮਾਂ ਦੇ ਖੂਨ ਡੁਲਦੇ ਨੇ। ਸੂਹੀਆਂ ਫੁਲਕਾਰੀਆਂ ਪਾਟ ਰਹੀਆਂ ਨੇ। ਧਰਮ ਦੇ ਨਾਂ ਤੇ, ਫਿਰਕੇ ਦੇ ਨਾਂ ਤੇ। ਚੌਧਰਪੁਣੇ ਦੇ ਨਾਤੇ, ਅਪੱਦਰ ਹੋ ਰਹੇ ਹਨ ਤੇ ਗਰੀਬਾਂ, ਗੁਲਾਮਾਂ ਤੇ ਨਿਰਦੋਸ਼ਿਆਂ ਨੂੰ ਹਸਤੀ ਦੇ ਪੰਨੇ ਤੋਂ ਮੇਟਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ ਪਰ ਇਹਨਾ ਹਨੇਰਿਆਂ ਦੇ ਪਰਦੇ ਪਿਛੇ ਸ਼ੁਭ ਆਸ਼ਾਵਾਂ ਨਾਲ ਲੱਦੀ ਹੋਈ ਪ੍ਰਭਾਤ ਦਾ ਸੁਨਹਿਰਾ ਪ੍ਰਕਾਸ਼ ਹੈ ਜਿਹੜਾ ਇਹਨਾਂ ਵਕਤੀ ਜਨੂੰਨ ਦੇ ਮੋਤੀਏ ਰੋਗ ਦੇ ਜਾਲਿਆਂ ਨੂੰ ਏਕਤਾ ਦੇ ਜੰਤਰਾਂ ਨਾਲ ਕੱਟ ਦੇਵੇਗਾ। ਫੇਰ ਗਮੀਆਂ ਦੀ ਥਾਂ ਖੁਸ਼ੀਆਂ, ਸੋਗਾਂ ਦੀ ਥਾਂ ਮਲ੍ਹਾਰ, ਕੀਰਨਿਆਂ ਦੀ ਥਾਂ ਹਾਸੇ ਆ ਪ੍ਰਗਟ ਹੋਣਗੇ ਤੇ ਤਦ ਨ ਉਹ ਲਾਹਨਤਾਂ ਭਰਿਆ ਜਨੂੰਨ ਹੋਵੇਗਾ ਤੇ ਨ ਹੀ ਧਰਮ ਤੇ ਫਿਰਕੇ ਦੇ ਨਾਂ ਤੇ ਖੂਨ ਵਹਿਣਗੇ।

ਏਸ ਵਿਸ਼ਵ - ਵੇਦਨਾ ਵਿਚੋਂ ਇਕ ਜਿਉਂਦਾ ਅਹਿਸਾਸ ਹੁੰਦਾ ਹੈ ਪਿਆ ਸਾਫ ਕਵੀ ਨੂੰ।

ਮਹਾਂ ਹਨੇਰਾਂ ਦੀ ਗੋਦੀ ਵਿਚ ਪਿਆ ਪਲੇ ਪ੍ਰਕਾਸ਼। (ਆਜ਼ਾਦ)

ਆਮੀਨ!


ਕਰਤਾਰ ਫੋਟੋ ਸਟੂਡੀਓ

1 HOUR PHOTO SERVICE

KARTAR PHOTO STUDIO

4279 - Fraser St. (27th Ave.)

Vancouver, B.C.

We Do Passport, 5 Mins. Service, Portrait Photos & Weddings

Off; 872-6060



NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335



SUDESH KALIA

# ਅਕਬਰ ਬੀਰਬਲ ਦੀ ਨੋਕ ਝੋਕ

**ਪੇਸ਼ਕਸ਼ : ਦਲਜੀਤ ਸਮਾਧਵੀ**

ਇਕ ਦਿਨ ਬੀਰਬਲ ਨੇ ਬਾਦਸ਼ਾਹ ਨੂੰ ਕਿਹਾ, 'ਸ੍ਰੀਮਾਨ ਜੀ, ਤੁਸੀਂ ਮੇਰੀ ਸ਼ੰਕਾ ਦੂਰ ਕਰੋਗੇ ?

ਬਾਦਸ਼ਾਹ ਨੇ ਕਿਹਾ, 'ਦਸ।'

ਬੀਰਬਲ ਨੇ ਕਿਹਾ ਕਿ ਕਈ ਦਿਨਾਂ ਤੋਂ ਮੈਂ ਇਹ ਸੋਚ ਰਿਹਾ ਹਾਂ ਕਿ ਸੂਰਜ ਪੂਰਬ ਵਿਚੋਂ ਕਿਉਂ ਨਿਕਲਦਾ ਹੈ, ਪੱਛਮ ਜਾਂ ਹੋਰ ਪਾਸਿਉਂ ਕਿਉਂ ਨਹੀਂ ਨਿਕਲਦਾ। ਇਸ ਦਾ ਕੀ ਕਾਰਨ ਹੈ।'

ਬਰੀਬਲ ਦਾ ਇਹ ਪ੍ਰਸ਼ਨ ਸੁਣਕੇ ਬਾਦਸ਼ਾਹ ਬੋਲਿਆ, 'ਅਜਿਹਾ ਪ੍ਰਸ਼ਨ ਕਿਸੇ ਮੂਰਖ ਨਾਲ ਕਰਨਾ।'

ਬੀਰਬਲ ਨੇ ਉਸੇ ਵੇਲੇ ਅਰਜ਼ ਕੀਤੀ ਕਿ ਇਹ ਸੋਚਕੇ ਤਾਂ ਮੈਂ ਤੁਸਾਂ ਕੋਲੋਂ ਪੁੱਛਿਆ ਹੈ।

—0—

ਇਕ ਦਿਨ ਬਾਦਸ਼ਾਹ ਨੇ ਬੀਰਬਲ ਨੂੰ ਪੁਛਿਆ ਕਿ ਸੱਚ ਅਤੇ ਝੂਠ ਵਿਚ ਕੀ ਫਰਕ ਹੈ।

ਬੀਰਬਲ ਨੇ ਉੱਤਰ ਦਿੱਤਾ ਕਿ ਜਿਤਨਾ ਅੱਖ ਤੇ ਕੰਨ ਵਿਚ। ਬਾਦਸ਼ਾਹ ਨੂੰ ਗੱਲ ਦੀ ਸਮਝ ਨਾ ਆਈ ਤਾਂ ਬੀਰਬਲ ਨੇ ਦੱਸਿਆ ਕਿ ਜਿਹੜੀ ਗੱਲ ਅੱਖਾਂ ਨਾਲ ਦੇਖੀ, ਉਹ ਸੱਚ ਹੈ ਤੇ ਜਿਹੜੀ ਗੱਲ ਕੰਨਾਂ ਨਾਲ ਸੁਣੀ ਉਹ ਝੂਠ ਹੈ।

—0—

ਬਾਦਸ਼ਾਹ ਤੇ ਬੀਰਬਲ ਦੀਆਂ ਆਪਸ ਵਿਚ ਗੱਲਾਂ ਹੋ ਰਹੀਆਂ ਸਨ ਕਿ ਅਚਾਨਕ ਬੀਰਬਲ ਦੇ ਮੂਹੋਂ ਕੋਈ ਫਜ਼ੂਲ ਗੱਲ ਨਿਕਲ ਗਈ। ਬਾਦਸ਼ਾਹ ਨੂੰ ਬੜਾ ਗੁੱਸਾ ਆਇਆ। ਉਨ੍ਹਾਂ ਕਿਹਾ, 'ਹੁਣ ਤੈਨੂੰ ਬੋਲਣ ਦੀ ਤਮੀਜ਼ ਨਹੀਂ ਰਹੀ। ਦਿਨੋਂ ਦਿਨ ਬਦਤਮੀਜ਼ ਹੁੰਦਾ ਜਾ ਰਿਹਾ ਹੈਂ।'

ਬੀਰਬਲ ਨੇ ਕਿਹਾ, 'ਹਾਂ, ਪਹਿਲਾਂ ਇਹ ਗੱਲ ਨਹੀਂ ਸੀ ਪਰ ਸੰਗਤ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ।'

—0—

ਬਾਦਸ਼ਾਹ ਨੇ ਬੀਰਬਲ ਨੂੰ ਕਿਹਾ, 'ਜੇਕਰ ਬਾਦਸ਼ਾਹੀ ਹਮੇਸ਼ਾ ਕਾਇਮ ਰਹਿੰਦੀ, ਜੋ ਬਾਦਸ਼ਾਹ ਹੁੰਦਾ ਉਹ ਸਦਾ ਬਾਦਸ਼ਾਹੀ ਕਰਦਾ ਤਾਂ ਕਿੱਡਾ ਚੰਗਾ ਹੁੰਦਾ।'

ਬੀਰਬਲ ਨੇ ਉਸ ਵੇਲੇ ਉੱਤਰ ਦਿੱਤਾ, 'ਜਹਾਂ ਪਨਾਹ, ਆਪ ਦਾ ਕਹਿਣਾ ਬਿਲਕੁਲ ਠੀਕ ਹੈ, ਪਰ ਜੇ ਅਜਿਹਾ ਹੁੰਦਾ ਤਾਂ ਤੁਸੀਂ ਬਾਦਸ਼ਾਹ ਕਿਵੇਂ ਬਣਦੇ ?'

ਪੰਨਾ 20 ਦੀ ਬਾਕੀ

ਕਾਫੀ ਦੂਰ ਜਾ ਕੇ ਚਾਰੇ ਭਰਾਵਾਂ ਨੂੰ ਜੰਗਲ ਪਾਣੀ ਆ ਗਿਆ। ਸੋ ਉਹ ਬੋਰੀ ਵਿਚ ਬੰਦ ਕਰੇ ਮਰਾਸੀ ਨੂੰ ਜ਼ਮੀਨ ਤੇ ਟਿਕਾ ਆਪ ਜੰਗਲ ਪਾਣੀ ਲਈ ਚਲੇ ਗਏ। ਉਥੇ ਕੁਝ ਮੁੰਡੇ ਮੱਝਾਂ ਚਾਰ ਰਹੇ ਸਨ। ਇਕ ਸ਼ਰਾਰਤੀ ਜਿਹੇ ਮੁੰਡੇ ਨੇ ਮਰਾਸੀ ਨੂੰ ਪੁਛਿਆ 'ਬਾਈ ਤੈਨੂੰ ਕਿਉਂ ਬੰਨ੍ਹਿਆ ਏ ?'

ਬੇਵਸ ਹੋਏ ਮਰਾਸੀ ਨੇ ਕਿਹਾ, 'ਆੜੀ ਮੈਂ ਸਾਧੂ ਬਿਰਤੀ ਵਾਲਾ ਬੰਦਾ ਹਾਂ, ਸੰਸਾਰਕ ਚੱਕਰ ਵਿਚ ਪੈਣਾ ਨਹੀਂ ਚਾਹੁੰਦਾ। ਇਹ ਮੇਰੇ ਭਰਾ ਨੇ, ਪਹਿਲਾਂ ਤਾਂ ਇਨ੍ਹਾ ਨੇ ਮੈਨੂੰ ਮਾਰਕੁਟ, ਮੇਰਾ ਵਿਆਹ ਕਰ ਦਿਤਾ ਤੇ ਹੁਣ ਇਹ ਮੇਰਾ ਮੁਕਲਾਵਾ ਲਿਆਉਣ ਲਈ ਮੈਨੂੰ ਬੰਨ੍ਹ ਕੇ ਲਿਜਾ ਰਹੇ ਨੇ।' ਜਵਾਨ ਮੁੰਡਾ ਵਿਆਹ ਦਾ ਨਾਂ ਸੁਣ, ਭਰਿਆ ਜਿਹਾ ਗਿਆ। ਉਸ ਨੇ ਮਰਾਸੀ ਨੂੰ ਕਿਹਾ।

'ਬਾਈ ਜੇ ਤੂੰ ਮੁਕਲਾਵਾ ਨਹੀਂ ਲੈਣਾ ਤਾਂ ਮੈਂ ਲੈ ਆਉਂਦਾ ਹਾਂ।'

'ਆੜੀ ਤੇਰਾ ਲੱਖ ਲੱਖ ਸ਼ੁਕਰ ਹੋਵੇਗਾ ਜੇ ਤੂੰ ਮੈਨੂੰ ਇਸ ਕਬੀਲਦਾਰੀ ਦੇ ਜੰਜਾਲ ਵਿਚੋਂ ਫਸਣ ਤੋਂ ਬਚਾ ਲਵੇਂਗਾ', ਮਰਾਸੀ ਨੇ ਤਰਲਾ ਜਿਹਾ ਕਰਦਿਆਂ ਕਿਹਾ।

ਨੌਜਵਾਨ ਮੁੰਡੇ ਦੀ ਜਵਾਨੀ ਨੇ ਹਲੂਣਾ ਜਿਹਾ ਖਾਇਆ, ਉਸ ਨੂੰ ਜਾਪਿਆ ਜਿਵੇਂ ਉਸਦੇ ਪਿੰਡੇ ਤੇ ਕੀੜੀਆਂ ਜਿਹੀਆਂ ਲੜ ਰਹੀਆਂ ਹੋਣ। ਸੋ ਮਰਾਸੀ ਨੂੰ ਆਜ਼ਾਦ ਕਰ ਉਹ ਆਪ ਬੋਰੀ ਵਿਚ ਜਾ ਵੜਿਆ।

ਛੜੇ ਭਰਾਵਾਂ ਨੂੰ ਇਸ ਗੱਲ ਦਾ ਕੋਈ ਨਹੀਂ ਸੀ ਪਤਾ ਸੋ ਉਨ੍ਹਾਂ ਨੇ ਉਸੇ ਤਰ੍ਹਾਂ ਬੰਦ ਬੋਰੀ ਵਿਚ ਮਰਾਸੀ ਨੂੰ ਸਮਝ ਕੇ ਦਰਿਆ ਵਿਚ ਵਗਾਹ ਮਾਰਿਆ। ਜਦੋਂ ਉਹ ਵਾਪਿਸ ਮੁੜ ਕੇ ਆ ਰਹੇ ਸਨ ਤਾਂ ਮਰਾਸੀ ਨੂੰ ਡਾਂਗ ਚੁਕੀ ਮੱਝਾਂ ਕੋਲ ਖੜ੍ਹੇ ਨੂੰ ਵੇਖ ਉਹ ਇਕਦਮ ਤ੍ਰਬਕ ਪਏ। ਉਨ੍ਹਾਂ ਨੇ ਹੈਰਾਨੀ ਜਿਹੀ ਪ੍ਰਗਟ ਕਰਦਿਆਂ ਕਿਹਾ 'ਮਰਾਸੀਆ ਤੈਨੂੰ ਤਾਂ ਅਸੀਂ ਦਰਿਆ ਵਿਚ ਸੁਟ ਕੇ ਆਏ ਸੀ ਤੇ ਤੂੰ ਸਾਡੇ ਨਾਲੋਂ ਵੀ ਪਹਿਲਾਂ ਇਥੇ ਖੜ੍ਹਾ ਏਂ ?'

ਮਰਾਸੀ ਨੇ ਵਿਚਾਰਾ ਜਿਹਾ ਬਣਦਿਆਂ ਕਿਹਾ।

'ਯਾਰੋ ਤੁਸੀਂ ਬਹੁਤ ਗਲਤੀ ਕੀਤੀ, ਤੁਸੀਂ ਤਾਂ ਮੈਨੂੰ ਬਿਲਕੁਲ ਹੀ ਨੇੜੇ ਜਿਹੇ ਸੁਟਿਆ, ਜਿਥੋਂ ਮੈਨੂੰ ਇਹ ਸਿਰਫ ਮੱਝਾਂ ਹੀ ਮਿਲੀਆਂ ਸਨ, ਜੇ ਕਿਤੇ ਹੋਰ ਥੋੜ੍ਹਾ ਅਗਾਂਹ ਨੂੰ ਸੁਟ ਦਿੰਦੇ ਤਾਂ ਅਗੇ ਹਾਥੀ, ਊਠ ਸਨ।'

ਛੜੇ ਭਰਾ ਇਕਦਮ ਮਰਾਸੀ ਦੀਆਂ ਗੱਲਾਂ ਵਿਚ ਆ ਗਏ। ਉਨ੍ਹਾਂ ਨੇ ਕਿਹਾ ਚਲ ਯਾਰ ਅਸੀਂ ਹਾਥੀ ਤੇ ਊਠ ਲੈ ਆਂਦੇ ਹਾਂ। ਸੋ ਮਰਾਸੀ ਨੇ ਇਕ ਨੂੰ ਕਿਹਾ ਕਿ ਪਹਿਲਾਂ ਤੂੰ ਛਾਲ ਮਾਰ।

ਪਹਿਲੇ ਭਰਾ ਨੇ ਛਾਲ ਮਰਦਿਆਂ ਡੁਬਣ ਲੱਗਿਆਂ ਹੱਥ ਜਿਹਾ ਹਲਾ ਕੇ ਆਪਣੇ ਭਰਾਵਾਂ ਨੂੰ ਇਸ਼ਾਰਾ ਕੀਤਾ ਕਿ ਹੋਰ ਨਾ ਕੋਈ ਛਾਲ ਮਾਰਿਓ। ਦੂਜੇ ਭਰਾ ਇਸ ਤਰ੍ਹਾਂ ਆਪਣੇ ਭਰਾ ਵਲੋਂ ਹੱਥ ਹਿਲਾਉਣ ਦਾ ਕਾਰਨ ਪੁਛਣ ਲੱਗੇ।

ਮਰਾਸੀ ਨੇ ਕਿਹਾ ਕਿ ਉਸ ਨੇ ਹਾਥੀ ਦੀ ਪੂਛ ਨੂੰ ਹੱਥ ਪਾਇਆ ਹੋਇਆ ਹੈ ਤੇ ਉਹ ਕਹਿੰਦਾ ਹੈ ਕਿ ਛੇਤੀ ਆ ਜਾਵੋ। ਇਹ ਸੁਣ ਕੇ ਤਿੰਨੇ ਭਰਾ ਇਕ ਦਮ ਦਰਿਆ ਵਿਚ ਕੁਦ ਪਏ ਅਤੇ ਆਪਣੀ ਜਾਨ ਤੋਂ ਹੱਥ ਧੋ ਬੈਠੇ।

ਜਿਹੜਾ ਮਰਾਸੀ ਸੋਨੇ ਨੂੰ ਹੱਥ ਪਾਉਂਦਾ ਸੀ ਤੇ ਸੋਨਾ ਮਿੱਟੀ ਬਣ ਜਾਂਦਾ ਸੀ, ਅੱਜ ਓਹੀਓ ਮਰਾਸੀ ਜੋ ਮਿੱਟੀ ਨੂੰ ਹੱਥ ਪਾਉਂਦਾ ਸੀ ਤਾਂ ਉਹ ਸੋਨਾ ਬਣ ਜਾਂਦੀ ਸੀ ਛੜੇ ਭਰਾਵਾਂ ਨੂੰ ਪਾਰ ਬੁਲਾ, ਬਾਲ੍ਹਦੀ ਮੁੰਡੇ ਦਾ ਫਾਹਾ ਵੱਢ, ਮੱਝਾਂ ਦਾ ਵੱਗ ਆਪਣੇ ਘਰ ਲਿਆ ਵਾੜਿਆ ਤੇ ਪਿੰਡ ਟਾ ਕੇ ਉਸ ਨੇ ਛੜਿਆਂ ਦਾ ਘਰ ਵੀ ਸਾਂਭ ਲਿਆ ਤੇ ਬਾਦਸ਼ਾਹੀ ਠਾਠ ਬਾਠ ਨਾਲ ਫਤੀਏ ਤੋਂ ਦੁਬਾਰਾ ਫਤੇਹਦੀਨ ਬਣ ਕੇ ਗੁਜ਼ਾਰਾ ਕਰਨ ਲਗ ਪਿਆ।

# ਮੁਸਕਰਾ ਕੇ ਤਾਂ ਵੇਖੋ



**ਸ਼ਿਵਦੇਵ ਸੰਧਾਵਾਲੀਆ**

ਇਹ ਕਿਉਂ ਰੁੱਸ ਕੇ ਘਰ ਵਿਚੋਂ ਜਾ ਰਿਹਾ ਏ,
ਇਹ ਨੂੰ ਵਾਜ ਮਾਰੋ ਬਿਠਾ ਕੇ ਤਾਂ ਵੇਖੋ।

ਇਹ ਕਿਉਂ ਪੁਛਦੇ ਹੋ ਇਹ ਦਾ ਮਜ਼ਹਬ ਕੀ ਏ,
ਪਹਿਲਾਂ ਇਸ ਨੂੰ ਪਾਣੀ ਪਿਲਾ ਕੇ ਤਾਂ ਵੇਖੋ।

ਉਮਰ ਭਰ ਨਾ ਭੁੱਲੇਗਾ ਅਹਿਸਾਨ ਬੰਦਾ,
ਇਹ ਦੇ ਜ਼ਖਮਾਂ ਤੇ ਮਰ੍ਹਮ ਲਾ ਕੇ ਤਾਂ ਵੇਖੋ।

ਮਿਲੇਗਾ ਤੁਹਾਨੂੰ ਇਹ ਬਾਹਵਾਂ ਫੈਲਾ ਕੇ,
ਇਕ ਕਦਮ ਇਸ ਵਲ ਵਧਾ ਕੇ ਤਾਂ ਵੇਖੋ।

ਹਾਲੇ ਇਹ ਦਾ ਦਿਲ ਧੜਕਦਾ ਪਿਆ ਹੈ,
ਮਾਰੋ ਨਾ ਇਸ ਨੂੰ ਉਡਾ ਕੇ ਤਾਂ ਵੇਖੋ।

ਕਿਉਂ ਫੂਕਦੇ ਆਲ੍ਹਣੇ ਪੰਛੀਆਂ ਦੇ,
ਐਸਾ ਕੋਈ ਘਰ ਬਣਾ ਕੇ ਤਾਂ ਵੇਖੋ।

ਪੱਥਰ ਦਾ ਦਿਲ ਮੋਮ ਹੋ ਜਾਏ ਸ਼ਾਇਦ,
ਇਹ ਨੂੰ ਆਪਣੇ ਗਲ ਨਾਲ ਲਾ ਕੇ ਤਾਂ ਵੇਖੋ।

ਸ਼ਾਇਦ ਇਹ ਘਰ ਦਾ ਕੋਈ ਜੀਵ ਹੋਵੇ,
ਲਾਸ਼ ਦੇ ਮੂੰਹ ਤੋਂ ਕੱਪੜਾ ਹਟਾ ਕੇ ਤਾਂ ਵੇਖੋ।

ਕੀ ਫਰਕ ਹੈ ਮੌਤ ਤੇ ਜ਼ਿੰਦਗੀ ਵਿਚ,
ਡਿੱਗੇ ਪਏ ਨੂੰ ਉਠਾ ਕੇ ਤਾਂ ਵੇਖੋ।

ਸ਼ਾਇਦ ਇਹ ਪੈਗਾਮ ਨਾਮ ਆਪਣੇ ਹੈ,
ਕਿਸੇ ਕੋਲੋਂ ਇਹ ਖਤ ਪੜ੍ਹਾ ਕੇ ਤਾਂ ਵੇਖੋ।

ਆਪੋ 'ਚ ਲੜ ਮਰ ਕੇ ਵੀ ਆਜ਼ਮਾਇਆ,
ਮੁਹੱਬਤ ਨੂੰ ਵੀ ਆਜ਼ਮਾ ਕੇ ਤਾਂ ਵੇਖੋ।

ਸਚਾਈ ਇਹ ਬੇਸ਼ੱਕ ਹੈ ਕੌੜੀ ਦਵਾਈ,
ਇਕ ਘੁੱਟ ਮੂੰਹ ਨੂੰ ਲਗਾ ਕੇ ਤਾਂ ਵੇਖੋ।

ਖੁਦ ਕੀਤੀਆਂ ਹਨ ਤੁਸਾਂ ਗਲਤੀਆਂ ਜੇ,
ਗੁਨਾਹਗਾਰ ਨੂੰ ਵੀ ਭੁਲਾ ਕੇ ਤਾਂ ਵੇਖੋ।

ਆਉਣੀ ਹੈ ਬੋਅ ਤੇਲ ਦੀ ਏਸ ਵਿਚੋਂ,
ਦੀਵੇ ਨੂੰ ਕੋਈ ਜਗਾ ਕੇ ਤਾਂ ਵੇਖੋ।

ਰੋਣਾ ਹੈ ਇਸ ਲਈ ਕਿ ਥਾਲੀ 'ਚ ਕੁਝ ਨਹੀਂ,
ਇਹ ਨੂੰ ਇਕ ਰੋਟੀ ਖੁਆ ਕੇ ਤਾਂ ਵੇਖੋ।

ਇਹ ਦੇ ਜਿਸਮ ਉਤੇ ਹਜ਼ਾਰਾਂ ਜ਼ਖਮ ਨੇ,
ਜ਼ਰਾ ਸਾਰੇ ਕੱਪੜੇ ਲੁਹਾ ਕੇ ਤਾਂ ਵੇਖੋ।

ਧਰਤੀ ਨੱਚੇਗੀ ਤੇ ਮਹਿਕੇਗਾ ਗੁਲਸ਼ਨ,
ਮੁਹੱਬਤ ਦਾ ਕੋਈ ਗੀਤ ਗਾ ਕੇ ਤਾਂ ਵੇਖੋ।

ਖੁਸ਼ੀਆਂ ਬਹਾਰਾਂ ਦੇ ਲੱਗਣਗੇ ਮੇਲੇ,
ਕਿਸੇ ਵੱਲ ਤੁਸੀਂ ਮੁਸਕਰਾ ਕੇ ਤਾਂ ਵੇਖੋ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**
**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ**

**ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ**

**ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ**

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ(ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਤਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।

**ਨਵੇਂ ਰਫਿਊਜ਼ੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ**



**ਮਲਕੀਤ ਸਿੰਘ ਪਰਹਾਰ**
**(ਇੰਮੀਗਰੇਸ਼ਨ ਸਲਾਹਕਾਰ)**

ਹੋਰ ਜਾਣਕਾਰੀ ਲਈ ਮਿਲੋ

**ਮਲਕੀਤ ਸਿੰਘ ਪਰਹਾਰ**

**OFF.(604)733-1644**

**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

**ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ**

**ਨੋਟ — ਤੁਹਾਨੂੰ ਸੁਣਕੇ ਖੁਸ਼ੀ ਹੋਵੇਗੀ ਕਿ ਅਸੀਂ ਆਪਣਾ ਬਰਾਂਚ ਆਫਿਸ ਪੰਜਾਬ ਵਿਚ ਵੀ ਛੇਤੀ ਖੋਲ੍ਹ ਰਹੇ ਹਾਂ।**

# ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

## ਗਿੱਲ-ਫੋਰਡ-ਫਰਨੀਚਰ



ਸਤੋਖ ਸਿਘ ਗਿਲ




ਲਓ ਜੀ ਗਿੱਲ ਫੋਰਡ ਫਰਨੀਚਰ 'ਤੇ ਸ਼ੁਰੂ ਹੋ ਗਈ



**9 PCE DINING ROOM SUITE**
Hutch, buffet, table,
4 side & 2 arm chairs.
ONLY ........ **$1595**

## ਚੌਂਹਟੇ ਚੁੱਕ ਸੇਲ

ਜੋ ਅਗਸਤ ਦੇ ਅਖੀਰ ਤੱਕ ਚੱਲੇਗੀ
ਜਿਸ ਵਿਚ ਸਟੋਰ ਵਿਚ ਪਈ ਹਰ
ਇਕ ਆਈਟਮ ਤੇ ਕੀਮਤਾਂ ਵਾਲੇ
ਚੌਂਹਟੇ ਚੁੱਕ ਦਿੱਤੇ ਜਾਣਗੇ



**9 PCE. DINING ROOM SUITE**
Hutch, buffet, table,
4 side & 2 arm chairs.
ONLY ........ **$2895**

—SAVE— —SAVE— —SAVE—

## EXPLOSIVE SAVINGS ON:

- Bedframes
- Coffee Tables
- End Tables
- Lamps
- Dinettes
- Occasional Chairs
- Wall Units
- Draft Tables

*MANY MORE ITEMS TOO NUMEROUS TO LIST, ALL AT GREAT SAVINGS!*



*INCLUDES* **7 DRAWER DRESSER**
(Hutch), mirror, 5 drawer chest,
bookcase headboard, footboard
& rails. Only ........ **$595**

### SEALY FIRM QUALITY

Twin 2 pce. Reg. $299 ........ NOW $215
Full 2 pce. Reg. $379 ........ NOW $265
Queen 2 pce. Reg. $424 ........ NOW $315

### PREMIUM EXTRA FIRM

Twin 2 pce. Reg. $499 ........ NOW $395
Full 2 pce. Reg. 599 ........ NOW $495
Queen 2 pce. Reg. $799 ........ NOW $595
King Size. Reg. $999 ........ NOW $895

**GUARANTEED LOWEST PRICES!**

—MASTERCHARGE— —VISA— —AMERICAN EXPRESS—



**SOFA - CHAIR**
2 PCE. ONLY ........ **$585**



**SOFA-LOVESEAT CHAIR** 3 PCE. ONLY ........ **$1495**



**SOFA-LOVESEAT CHAIR** 3 PCE. ONLY ........ **$2195**

Just Say
CHARGE IT
On My
GILLFORD
FURNITUREMART
Credit Card
Apply For Yours
Today!

"Better Quality Furnishings at Discount Prices"

# GILL-FORD FURNITUREMART

FINANCING AVAILABLE
O.A.C.

13442-108th Avenue,
Surrey

HOURS: Mon.-Fri. 10-9; Sat. 10-6
Sunday & Holidays 10-6

**588-4461**